
Postal No. - G/CHD/0196/2021-2023
Regd No. 32212/78

# ਲੁਬਾਣਾ ਸੇਵਕ

ਅਕਤੂਬਰ 2022 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਸੰਗਤ ਨੂੰ 'ਗੁਰੂ ਲਾਧੋ ਰੇ' ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ !



ਗੁਰੂ ਲਾਧੋ ਰੇ ਗੁਰੂ ਲਾਧੋ ਰੇ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ ...

# "ਗੁਰੂ ਲਾਧੋ ਰੇ"



ਬਾਬਾ ਮੱਖਣ ਸ਼ਾਹ ਗੁਰੂ ਘਰ ਦੇ ਪੱਕੇ ਅਤੇ ਸੱਚੇ ਸ਼ਰਧਾਲੂ ਸਨ। ਨੌਂਵੇਂ ਨਾਨਕ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਵਿਖੇ ਪ੍ਰਗਟ ਕਰਨ ਦੀ ਸੇਵਾ ਦਾ ਮਾਣ ਬਾਬਾ ਮੱਖਣ ਸ਼ਾਹ ਜੀ ਨੂੰ ਮਿਲਿਆ। ਬਾਬਾ ਮੱਖਣ ਸ਼ਾਹ ਲੁਬਾਣਾ ਦਾ ਜਨਮ 1619 ਵਿਚ ਭਾਈ ਦਾਸਾ ਸ਼ਾਹ ਲੁਬਾਣਾ ਦੇ ਘਰ ਪਿੰਡ ਟਾਂਡਾ ਲੁਬਾਣਾ ਵਿਚ ਹੋਇਆ ਜੋ ਕਸ਼ਮੀਰ ਵਿਚ ਸਥਿਤ ਹੈ ਅਤੇ ਮੁਜਫਰਾਬਾਦ ਤੋਂ 18 ਮੀਲ ਦੂਰ ਹੈ। ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜਦੋਂ ਸ਼੍ਰੀਨਗਰ ਗਏ ਤਾਂ ਮੁਜਫਰਾਬਾਦ ਪਹੁੰਚੇ ਜਿੱਥੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਸਥਿਤ ਹੈ। ਗੁਰੂ ਸਾਹਿਬ ਦਾ ਸੁਣ ਕੇ ਬਹੁਤ ਸੰਗਤਾਂ ਦਰਸ਼ਨ ਵਾਸਤੇ ਪਹੁੰਚੀਆਂ ਜਿਨ੍ਹਾਂ ਵਿਚ ਇਕ ਬੱਚਾ ਮੱਖਣ ਸ਼ਾਹ ਲੁਬਾਣਾ ਵੀ ਸੀ। ਬਾਬਾ ਮੱਖਣ ਸ਼ਾਹ ਲੁਬਾਣਾ ਨੇ ਆਪਣੇ ਪੁਰਖਾਂ ਦੇ ਵਪਾਰ ਨੂੰ ਹੋਰ ਵੀ ਬਹੁਤ ਵਧਾਇਆ ਜੋ ਭਾਰਤ, ਅਰੇਬੀਅਨ ਅਤੇ ਯੂਰੋਪੀਅਨ ਦੇਸ਼ਾਂ ਤੱਕ ਵੱਧ ਗਿਆ। ਮੱਖਣ ਸ਼ਾਹ ਨਮਕ, ਮਸਾਲੇ, ਬੰਗਾਲੀ ਸਿਲਕ ਅਤੇ ਕਸ਼ਮੀਰੀ ਸ਼ਾਲ ਆਦਿ ਦਾ ਵਪਾਰ ਕਰਦੇ ਸਨ। 17ਵੀਂ ਸਦੀ ਦੇ ਦੂਸਰੇ ਅੱਧ ਵਿਚ ਸਭ ਤੋਂ ਵੱਡੇ ਵਪਾਰੀ ਮੱਖਣ ਸ਼ਾਹ ਲੁਬਾਣਾ ਅਤੇ ਲੱਖੀ ਸ਼ਾਹ ਵਣਜਾਰਾ ਸਨ। ਆਪ ਜੀ ਨੂੰ ਸੰਸਕ੍ਰਿਤ, ਪ੍ਰਸ਼ੀਅਨ, ਲੁਬਾਣਕੀ ਅਤੇ ਅਰੇਬਿਕ ਭਾਸ਼ਾਵਾਂ ਆਉਂਦੀਆਂ ਸਨ। ਬਾਬਾ ਮੱਖਣ ਸ਼ਾਹ ਲੁਬਾਣਾ ਕੋਲ ਬਹੁਤ ਸਾਰੇ ਸਮੁੰਦਰੀ ਜਹਾਜ਼ ਸਨ। ਜਿਨ੍ਹਾਂ ਵਿਚੋਂ ਕੁਝ ਬਹੁਤ ਵੱਡੇ, ਕੁਝ ਮੱਧਵਰਤੀ ਅਤੇ ਕੁਝ ਛੋਟੇ ਜਹਾਜ਼ ਸਨ। ਉਸ ਸਮੇਂ ਦਾ ਸਭ ਤੋਂ ਵੱਡਾ ਸਿੱਖ ਵਪਾਰੀ ਮੱਖਣ ਸ਼ਾਹ ਲੁਬਾਣਾ ਸੀ।

ਬਾਬਾ ਮੱਖਣ ਸ਼ਾਹ ਜੀ ਲੁਬਾਣਾ ਗੁਰੂ ਘਰ ਦੇ ਸੇਵਕ ਵਜੋਂ ਗੁਰੂ ਜੀ ਦੇ ਓਟ ਆਸਰੇ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਮਨੋ ਨਮਸਤਿਕ ਹੋ ਕੇ ਵਪਾਰਕ ਸਫ਼ਰ ਤੇ ਨਿਕਲਦੇ ਸਨ। ਇੱਕ ਵਾਰ ਜਦੋਂ ਮਾਲ ਸਬਾਬ ਵੇਚ ਅਤੇ ਖਰੀਦ ਕੇ ਵਾਪਿਸ ਆ ਰਹੇ ਸਨ ਤਾਂ ਉਹਨਾਂ ਦਾ ਬੇੜਾ (ਜਹਾਜ਼) ਇੱਕ ਬਰੇਤੇ ਵਿਚ ਫਸ ਗਿਆ, ਜਦੋਂ ਚਾਰਾ ਜੋਈ ਕੋਈ ਕੰਮ ਨਾ ਆਈ ਤਾਂ ਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਗੁਰੂ ਜੀ ਕ੍ਰਿਪਾ ਕਰੋ ਤਾਂ ਜੋ ਬੇੜਾ ਪਾਰ ਹੋ ਜਾਵੇ ਤਾਂ ਮੈਂ 500 ਮੋਹਰਾਂ ਗੁਰੂ ਚਰਨਾਂ ਵਿਚ ਭੇਂਟ ਕਰਾਂਗਾ, ਗੁਰੂ ਮਿਹਰ ਹੋਈ ਅਤੇ ਬੇੜਾ ਪਾਰ ਹੋ ਗਿਆ। ਸ਼ੁਕਰਾਨਾ ਕਰਨ ਲਈ ਆਪਣੇ ਕਾਫ਼ਲੇ ਸਮੇਤ ਆਪਣੀ ਸੂਚਨਾ ਮੁਤਾਬਿਕ ਗੁਰੂ ਦਰਸ਼ਨ ਲਈ ਦਿੱਲੀ ਨੂੰ ਚੱਲ ਪਏ। ਦਿੱਲੀ ਪਹੁੰਚ ਕੇ ਡੇਰਾ ਲਾਉਣ ਉਪਰੰਤ ਗੁਰੂ ਸਾਹਿਬ ਬਾਰੇ ਪਤਾ ਚੱਲਿਆ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ ਹਨ ਅਤੇ ਫਰਮਾਨ ਕਰ ਗਏ ਹਨ "ਅਗਲੇ ਗੁਰੂ ਬਾਬਾ ਬਕਾਲੇ"।

ਇਹ ਜਾਣਕਾਰੀ ਮਿਲਣ ਤੋਂ ਬਾਅਦ ਬਾਬਾ ਮੱਖਣ ਸ਼ਾਹ ਜੀ ਆਪਣੇ ਸਾਥੀਆਂ ਸਮੇਤ ਬਕਾਲੇ ਵੱਲ ਨੂੰ ਚੱਲ ਪਏ। ਬਕਾਲੇ ਪਹੁੰਚ ਕੇ ਪਤਾ ਚੱਲਿਆ ਕਿ ਇਥੇ 22 ਸਾਧ ਗੁਰੂ ਬਣੇ ਬੈਠੇ ਹਨ। ਬਾਬਾ ਜੀ ਨੇ ਵਿਉਂਤ ਨਾਲ ਸਾਰੇ ਬੈਠੇ ਸਾਧਾਂ ਨੂੰ ਪਰਖਣ ਲਈ 5-5 ਮੋਹਰਾਂ ਹਰੇਕ ਅੱਗੇ ਰੱਖ ਕੇ ਮੱਥਾ ਟੇਕਿਆ ਅਤੇ ਸਾਰੇ ਹੀ ਸਾਧਾਂ ਨੇ ਭੇਟਾ ਮੰਨਜ਼ੂਰ ਕੀਤੀ ਅਤੇ ਆਪਣੇ ਸੁਭਾਅ ਮੁਤਾਬਿਕ ਆਸ਼ੀਰਵਾਦ ਦਿੱਤਾ।

ਬਾਬਾ ਮੱਖਣ ਸ਼ਾਹ ਜੀ ਨੂੰ ਚਿੰਤਾ ਹੋਈ ਕਿ ਮੇਰੀ ਅਰਦਾਸ ਸੁਣਨ ਵਾਲੇ ਅਸਲੀ ਗੁਰੂ ਇਹਨਾਂ ਵਿਚ ਕੋਈ ਵੀ ਨਹੀਂ। ਪਿੰਡ ਵਾਲਿਆਂ ਦੇ ਪੁੱਛਣ ਤੋਂ ਬਾਅਦ ਪਤਾ ਚੱਲਿਆ ਕਿ ਸੋਢੀ ਪਰਿਵਾਰ ਵਿੱਚੋਂ 'ਤੇਗਾ' ਹੈ ਜੋ ਸਾਰਾ ਸਮਾਂ ਭੋਰੇ ਵਿੱਚ ਭਗਤੀ ਕਰਦੇ ਹਨ ਅਤੇ ਕਿਸੇ ਨੂੰ ਮਿਲਦੇ ਨਹੀਂ।

ਮੱਖਣ ਸ਼ਾਹ ਜੀ ਹਿੰਮਤ ਕਰਕੇ ਤੇਗਾ ਜੀ ਦੇ ਘਰ ਪਹੁੰਚ ਕੇ ਬੇਬੇ ਨਾਨਕੀ ਨਾਲ ਵਾਰਤਾਲਾਪ ਕਰਨ ਤੋਂ ਬਾਅਦ 5 ਮੋਹਰਾਂ ਬਾਬਾ ਤੇਗਾ ਜੀ ਦੇ ਸਾਹਮਣੇ ਰੱਖ ਦਿੰਦੇ ਹਨ। ਸ਼ਾਂਤੀ ਦੇ ਪੁੰਜ ਗੁਰੂ ਤੇਗ ਬਹਾਦਰ ਜੀ ਮੁਸਕਰਾ ਕੇ ਬੋਲੇ ਅਰਦਾਸ ਤਾਂ 500 ਮੋਹਰਾਂ ਦੀ ਕੀਤੀ ਸੀ, ਰੱਖ 5 ਮੋਹਰਾਂ ਰਿਹਾ ਹੈ। ਇਹ ਸੁਣ ਕੇ ਮੱਖਣ ਸ਼ਾਹ ਜੀ ਗੱਦ-ਗੱਦ ਹੋ ਜਾਂਦੇ ਹਨ ਅਤੇ ਕੋਠੇ ਚੜ੍ਹ ਕੇ ਰੋਲਾ ਪਾ ਦੇਂਦੇ ਹਨ "ਗੁਰੂ ਲਾਧੋ ਰੇ!! ਸਾਚਾ ਗੁਰੂ ਲਾਧੋ ਰੇ!!" ਇਸ ਤਰ੍ਹਾਂ ਗੁਰੂ ਕ੍ਰਿਪਾ ਨਾਲ ਇਹ ਮਾਣ ਬਾਬਾ ਮੱਖਣ ਸ਼ਾਹ ਜੀ ਨੂੰ ਮਿਲਿਆ।

ਪਰ ਵਿਚਾਰਨ ਦੀ ਗੱਲ ਇਹ ਵੀ ਹੈ ਕਿ ਅੰਮ੍ਰਿਤਸਰ ਨੂੰ ਛੱਡ ਕੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਕੀਰਤਪੁਰ ਵਿਚ ਡੇਰਾ ਲਾਉਣ ਤੋਂ ਬਾਅਦ ਕੋਈ ਲੜਾਈ-ਭੜਾਈ ਨਹੀਂ ਵਾਪਰੀ। ਪਰ 22 ਮੰਜੀਆਂ ਜ਼ਰੂਰ ਮੂੰਹ ਜ਼ੋਰ ਤੇ ਲਾਲਚੀ ਹੁੰਦੀਆਂ ਗਈਆਂ। ਗੁਰੂ ਹਰਿਰਾਏ ਸਾਹਿਬ ਜੀ ਵੀ ਕੀਰਤਪੁਰ ਸਾਹਿਬ ਰਹੇ ਤੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਗੁਰੂ ਗੱਦੀ ਤੋਂ ਬਾਅਦ ਰਾਮ ਰਾਏ ਦੇ ਕਾਰਨਾਮਿਆਂ ਨੂੰ ਸੁਲਝਾਉਣ ਲਈ ਅਤੇ ਦਿੱਲੀ ਦੀ ਸੰਗਤ ਨੂੰ ਦਰਸ਼ਨ ਦੇਣ ਲਈ ਦਿੱਲੀ ਗਏ, ਉਥੇ ਹੀ ਜੋਤੀ ਜੋਤ ਸਮਾ ਗਏ। ਇਸ ਲਈ 22 ਮੰਜੀਆਂ ਨੇ ਗੁਰੂ ਗੱਦੀ ਤੇ ਕਬਜ਼ਾ ਕਰਨ ਲਈ ਜੋ ਪਾਖੰਡ ਲਾਲਸਾ ਵਿਖਾਈ ਉਸ ਨੂੰ ਰਾਹ ਤੇ ਲਿਆਉਣ ਲਈ ਗੁਰੂ ਘਰ ਦੇ ਸੇਵਕ ਬਾਬਾ ਮੱਖਣ ਸ਼ਾਹ ਹੀ ਸਮਰੱਥ ਸਨ। ਇਸੇ ਲਈ ਉਹ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਦੀ ਬਖਸ਼ਸ਼ ਤੋਂ ਬਾਅਦ ਉਹਨਾਂ ਨਾਲ ਹਰਿਮੰਦਰ ਸਾਹਿਬ, ਕੀਰਤਪੁਰ ਵੀ ਗਏ ਅਤੇ ਆਨੰਦਪੁਰ ਸਾਹਿਬ ਜੀ ਦੀ ਜ਼ਮੀਨ ਖਰੀਦਣ ਤੱਕ ਉਹਨਾਂ ਦੇ ਨਾਲ ਰਹੇ। ਗੁਰੂ ਤੇਗ ਬਹਾਦਰ ਜੀ ਦੇ ਆਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਬਾਅਦ ਉਹਨਾਂ ਤੋਂ ਇਜਾਜ਼ਤ ਲੈ ਕੇ ਉਹ ਤੇ ਉਹਨਾਂ ਦੇ ਵਪਾਰਿਕ ਸਾਥੀ ਕਿਥੇ ਗਏ ਇਸ ਬਾਰੇ ਕਿਸੇ ਨੂੰ ਪੁਖਤਾ ਜਾਣਕਾਰੀ ਨਹੀਂ।

**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
S. Surinder Singh Ruby ETO (Retd.)
M.: 98141-28181

## Advisors

1. S. Naginderjit Singh (Legal Advisor) Session Judge (Retd.), M.: 98159-02643
2. S. Narinder Singh, PES (Retd.) M.: 98555-34236
3. S. Mohinder Singh, DSP (Retd.) M.: 98144-74535
4. Dr. Preet Mohinder Pal Singh M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 &
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਅਕਤੂਬਰ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

ਪੂਰਨਮਾਸ਼ੀ - (੧੨ ਅੱਸੂ) 09-10-2022 (ਐਤਵਾਰ)
ਸੰਗਰਾਂਦ - (੧ ਕੱਤਕ) 17-10-2022 (ਸੋਮਵਾਰ)
ਮੱਸਿਆ - (੯ ਕੱਤਕ) 25-10-2022 (ਮੰਗਲਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 112 | ਅਕਤੂਬਰ - 2022


| | | |
|---|---|---|
| 1. | ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ | 4 |
| 2. | ਵਿਸ਼ਵਾਸ ਦਾ ਸਿਖਰ – ਬਾਬਾ ਮੱਖਣ ਸ਼ਾਹ ਲੁਬਾਣਾ | 6 |
| 3. | ਸੱਚਾ ਗੁਰੂ ਲਾਧੋ ਰੇ! | 8 |
| 4. | ਬਾਬਾ ਬੁੱਢਾ ਜੀ ਜਨਮ ਦਿਵਸ 'ਤੇ ਵਿਸ਼ੇਸ਼ | 10 |
| 5. | ਗੁਰ ਸਾਗਰ ਦੇ ਸੁੱਚੇ ਮੋਤੀ | 12 |
| 6. | ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋੜ ਦਿਵਸ ਤੇ ਦੀਪਮਾਲਾ ਦਾ ਇਤਿਹਾਸਕ ਪਿਛੋਕੜ | 13 |
| 7. | ਅੱਸੂ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 16 |
| 8. | ਜੀਵਨ ਵਿਕਾਸ – ਇਕ ਸੰਘਰਸ਼ | 18 |
| 9. | ਸਾਡੀ ਖ਼ੁਰਾਕ ਦੇ ਕੈਂਸਰ ਨਾਲ ਸੰਬੰਧ | 19 |
| 10. | ਆਓ ਜਾਣੀਏ! | 20 |
| 11. | ਰੁੱਖਾਂ ਦੀ ਸੱਭਿਆਚਾਰਕ ਪਛਾਣ | 23 |
| 12. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ | 27 |
| 13. | ਜਿਥੇ ਪਿਆਰ, ਉਥੇ ਰੱਬ ਹੈ | 28 |
| 14. | ਸਿਹਤ ਸੰਭਾਲ | 31 |
| 15. | ਜੇਠੂ ਦਾ ਕੋਠਾ | 32 |
| 16. | ਕਾਵਿ–ਕਿਆਰੀ | 34 |
| 17. | ਸ਼ਬਦਾਂ ਦੇ ਸੰਜੋਗ | 36 |
| 18. | स्वास्थ्य के लिए हानिकारक कोल्ड ड्रिंक्स | 37 |
| 19. | DISCOVERING THE NINTH NANAK | 38 |
| 20. | Matrimonial | 40 |
| 21. | ਦਾਨੀ ਸੱਜਣਾਂ ਦੀ ਸੂਚੀ | 41 |


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

### *11 ਅਕਤੂਬਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼*

# ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ



ਸਿੱਖ ਧਰਮ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦ ਗੁਣਾਂ ਨਾਲ ਭਰਪੂਰ ਹੈ। ਆਪ ਦਾ ਜੀਵਨ ਸਾਧਾਰਨ ਪਰਿਵਾਰ ਤੋਂ ਆਰੰਭ ਹੋਇਆ ਅਤੇ ਆਪ ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਕਰਕੇ ਗੁਰਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਿਤ ਕਰਨ ਲਈ ਅਨੇਕਾਂ ਕਾਰਜ ਕੀਤੇ। ਇਸ ਸਿੱਖੀ ਦੇ ਬੂਟੇ ਦੀ ਜੜ੍ਹ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲਾਈ ਸੀ ਅਤੇ ਇਸ ਬੂਟੇ ਦੀ ਪ੍ਰਫੁੱਲਤਾ ਤੇ ਸਾਂਭ ਸੰਭਾਲ ਲਈ ਅੱਗੋਂ ਦਿਸ਼ਾ ਵੀ ਜੀਵਨ ਕਾਲ 'ਚ ਹੀ ਤੈਅ ਕਰ ਗਏ ਸਨ। ਇਸ ਤਰ੍ਹਾਂ ਸਿੱਖੀ ਜੀਵਨ ਜਾਚ ਸਿਖਾਉਣ, ਅੱਗੋਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਕਾਰਜ ਲਈ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਫਿਰ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ। ਸ੍ਰੀ ਗੁਰੂ ਰਾਮਦਾਸ ਜੀ ਨੇ ਚੌਥੇ ਗੁਰੂ ਦੇ ਰੂਪ ਵਿਚ ਗੁਰੂ-ਜੋਤ ਨੂੰ ਧਾਰਨ ਕੀਤਾ ਅਤੇ ਲੋਕਾਈ ਨੂੰ ਆਤਮਿਕ, ਧਾਰਮਿਕ ਅਤੇ ਸਮਾਜਿਕ ਤੌਰ 'ਤੇ ਰੌਸ਼ਨ ਕੀਤਾ, ਭਾਵ ਜੀਵਨ ਦੇ ਹਰ ਪੱਖ ਨੂੰ ਸਾਰਥਿਕ ਬਣਾਉਣ ਲਈ ਜੁਗਤਿ ਸਮਝਾਈ। ਗੁਰੂ ਸਾਹਿਬ ਜੀ ਦੀ ਵਡਿਆਈ ਨੂੰ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਪਾਵਨ ਗੁਰਬਾਣੀ ਅੰਦਰ ਬਿਆਨ ਕੀਤਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਸੰਨ 1534 ਵਿਚ ਪਿਤਾ ਸ੍ਰੀ ਹਰਿਦਾਸ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਆਪ ਜੀ ਦੀ ਉਮਰ ਅਜੇ 2 ਸਾਲ ਹੀ ਸੀ ਕਿ ਆਪ ਜੀ ਦੀ ਮਾਤਾ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਆਪ ਜੀ ਦੇ ਪਿਤਾ ਨੇ ਬੜੇ ਪਿਆਰ ਨਾਲ ਇਨ੍ਹਾਂ ਦੀ ਪਾਲਣਾ ਕੀਤੀ। ਆਪ ਜੀ ਦੀ ਉਮਰ ਅਜੇ 7 ਸਾਲ ਹੀ ਹੋਈ ਸੀ ਕਿ ਪਿਤਾ ਜੀ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸਮੇਂ ਦੀ ਪਰੰਪਰਾ ਅਨੁਸਾਰ ਵੱਡੇ ਪੁੱਤਰ ਨੂੰ 'ਜੇਠਾ' ਕਿਹਾ ਜਾਂਦਾ ਸੀ, ਜਿਸ ਕਰਕੇ ਪ੍ਰਾਰੰਭਕ ਰੂਪ ਵਿਚ ਆਪ ਜੀ 'ਭਾਈ ਜੇਠਾ ਜੀ' ਦੇ ਨਾਂਅ ਨਾਲ ਜਾਣੇ ਜਾਂਦੇ ਰਹੇ। ਛੋਟੀ ਉਮਰ ਵਿਚ ਹੀ ਆਪ ਜੀ ਦੇ ਮਾਤਾ-ਪਿਤਾ ਦਾ ਸਿਰ ਤੋਂ ਸਾਇਆ ਉੱਠਣ ਕਰਕੇ ਪਰਿਵਾਰਕ ਨਿਰਬਾਹ ਲਈ ਆਪ ਨੂੰ ਘੁੰਗਣੀਆਂ ਵੇਚਣੀਆਂ ਪਈਆਂ। ਇਤਿਹਾਸ ਅਨੁਸਾਰ ਆਪ ਜੀ ਦੇ ਨਾਨੀ ਆਪ ਨੂੰ ਬਾਸਰਕੇ ਲੈ ਆਏ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਨੇ ਲੋਕ-ਲਾਜ ਦੀ ਪ੍ਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤੱਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ। ਸੰਖੇਪ ਵਿਚ ਵਾਕਿਆਤ ਇਸ ਤਰ੍ਹਾਂ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਰਹਿਨੁਮਾਈ ਹੇਠ ਬਾਉਲੀ ਦੀ ਕਾਰ ਵਿਚ ਤਨੋਂ-ਮਨੋਂ ਖੁੱਭੇ ਹੋਏ ਸਨ। ਲਾਹੌਰ ਤੋਂ ਕੁਝ ਸ਼ਰੀਕੇ ਵਾਲੇ ਸ੍ਰੀ ਗੋਇੰਦਵਾਲ ਸਾਹਿਬ ਆਏ। ਆਪ ਨੂੰ ਟੋਕਰੀ ਢੋਂਦੇ ਅਤੇ ਬਸਤਰ ਚਿੱਕੜ ਨਾਲ ਲਿਬੜੇ ਹੋਏ ਵੇਖ ਕੇ ਉਨ੍ਹਾਂ ਨੇ ਬੁਰਾ ਮਨਾਇਆ। ਜਦੋਂ ਗੱਲ ਸ੍ਰੀ ਗੁਰੂ ਅਮਰਦਾਸ ਜੀ ਪਾਸ ਪਹੁੰਚੀ ਤਾਂ ਪਾਤਸ਼ਾਹ ਬਖਸ਼ਿਸ਼ਾਂ ਦੇ ਘਰ ਵਿਚ ਆ ਗਏ। ਤੀਸਰੇ ਸਤਿਗੁਰੂ ਜੀ ਦੇ ਮੂੰਹੋਂ ਨਿਕਲਿਆ, ਇਹ ਚਿੱਕੜ ਨਹੀਂ ਵਡਿਆਈ ਦਾ ਕੇਸਰ ਤੇ ਗੁਲਾਲ ਹੈ। ਸਿਰ 'ਤੇ ਆਮ ਟੋਕਰੀ ਨਹੀਂ, ਸਗੋਂ ਪਾਤਸ਼ਾਹੀ ਛਤਰ ਝੂਲਣ ਦਾ ਨਿਸ਼ਾਨ ਹੈ।


ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240




'ਮਸੰਦ' ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ

ਰਾਮਦਾਸ ਜੀ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਅਤੇ ਸਿੱਖੀ ਮਰਯਾਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਯਾਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।



ਇਸ ਤਰ੍ਹਾਂ ਆਪ ਜੀ ਦੀ ਨਿਮਰਤਾ ਅਤੇ ਸਦਗੁਣਾਂ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਦਿੱਤੀ। ਗੁਰਗੱਦੀ 'ਤੇ ਸੁਭਾਏਮਾਨ ਹੋਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਅਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ ਜਿਸ ਨਾਲ ਗੁਰੂ ਘਰ ਦੀ ਵਡਿਆਈ ਚੁਫੇਰੇ ਫੈਲੀ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਆਪ ਜੀ ਦਾ ਇਕ ਅਹਿਮ ਕਾਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਇਥੇ ਆਏ ਅਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ 'ਸੰਤੋਖਸਰ' ਦੇ ਨਾਂਅ ਨਾਲ ਪ੍ਰਸਿੱਧ ਹੋਇਆ। ਇਸੇ ਦੌਰਾਨ ਆਪ ਨੇ ਨਗਰ 'ਗੁਰੂ ਕਾ ਚੱਕ' ਵਸਾਇਆ, ਜੋ ਬਾਅਦ ਵਿਚ 'ਰਾਮਦਾਸਪੁਰ/ਚੱਕ ਰਾਮਦਾਸ' ਦੇ ਨਾਂਅ ਨਾਲ ਜਾਣਿਆ ਗਿਆ ਅਤੇ ਫਿਰ 'ਸ੍ਰੀ ਅੰਮ੍ਰਿਤਸਰ' ਵਜੋਂ ਮਸ਼ਹੂਰ ਹੋਇਆ। ਆਪ ਨੇ ਇਥੇ ਵੱਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਿਤ ਲੋਕ ਸਨ। ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ ਦੀ ਇਕ ਮਿਸਾਲ ਬਣਿਆ। ਆਪ ਨੇ ਇਥੇ ਵੱਖ-ਵੱਖ ਸ਼੍ਰੇਣੀਆਂ ਦੇ ਲੋਕ ਵਸਾਏ ਸਨ।

ਆਪ ਜੀ ਨੇ ਧੁਰ ਕੀ ਬਾਣੀ ਦਾ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਇਹ ਸਾਡੀ ਅਧਿਆਤਮਿਕ ਤੇ ਸਮਾਜਿਕ ਅਗਵਾਈ ਕਰਦੀ ਹੋਈ ਚੰਗਾ ਜੀਵਨ ਜਿਉਣ ਲਈ ਮਾਰਗ-ਦਰਸ਼ਨ ਦਿੰਦੀ ਹੈ।

ਦੇਸ਼-ਵਿਦੇਸ਼ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ। ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਸ ਪਹਿਲੀ ਵਾਰ ਹੈ ਕਿ ਜਦੋਂ 12 ਇਤਿਹਾਸਕ ਦਰਵਾਜ਼ਿਆਂ ਦੁਆਲੇ ਇਸ ਨਗਰ ਕੀਰਤਨ ਨੇ ਪਰਿਕਰਮਾ ਕੀਤੀ। ਦੇਸ਼ ਵਿਦੇਸ਼ ਤੋਂ ਪਹੁੰਚੇ ਜਥਿਆਂ, ਸੁਸਾਇਟੀਆਂ, ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਅਤੇ ਯੂ.ਐਸ.ਏ. ਤੋਂ ਖਾਲਸਾਈ ਬਾਣੇ ਵਿਚ 150 ਸਿੰਘਾਂ ਦਾ ਜੱਥਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਇਆ। ਸ੍ਰੀ ਹਰਿਮੰਦਰ ਸਾਹਿਬ ਵਿਚ ਵੱਡੇ ਸੁੰਦਰ ਜਲੌਅ ਸਜਾਏ ਗਏ। ਸਾਰੇ ਗੁਰਦੁਆਰਾ ਕੰਪਲੈਕਸ ਨੂੰ ਬੜੇ ਵਧੀਆ ਢੰਗ ਨਾਲ ਫੁੱਲਾਂ ਨਾਲ ਸਜਾਇਆ ਗਿਆ ਸੀ ਅਤੇ ਦੀਪਮਾਲਾ ਹਰ ਇਕ ਦਾ ਮਨ ਮੋਹ ਰਹੀ ਸੀ। ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਨੇ ਇਸ ਅਲੌਕਿਕ ਦ੍ਰਿਸ਼ ਦਾ ਆਨੰਦ ਮਾਣਿਆ।

ਆਉ, ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਅਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

ਗੁਰੂ ਲਾਧੋ ਰੇ ਦਿਵਸ ਤੇ ਵਿਸ਼ੇਸ਼

# ਵਿਸ਼ਵਾਸ ਦਾ ਸਿਖਰ - ਬਾਬਾ ਮੱਖਣ ਸ਼ਾਹ ਲੁਬਾਣਾ




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**





ਸਿੱਖ ਧਰਮ ਦੇ ਇਤਿਹਾਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਹੈ। ਇਸ ਮਹਾਂਪੁਰਖ ਦਾ ਜਨਮ ਸੰਨ 1619 ਈ. ਵਿਚ ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ ਹਾਲ ਪਾਕਿਸਤਾਨ ਵਿਚ ਪਿਤਾ ਦਾਸੇ ਸ਼ਾਹ ਦੇ ਘਰ ਹੋਇਆ। ਇਹ ਟਾਂਡਾ ਜ਼ਿਲ੍ਹਾ ਗੁਜਰਾਤ ਵਾਲਾ ਹੀ ਟਾਂਡਾ ਸੀ ਜਾਂ ਨਹੀਂ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੰਤੂ ਜਨਮ ਦਾ ਸਾਲ 1619 ਹੀ ਸੀ ਬਾਰੇ ਸਾਰੇ ਵਿਦਵਾਨਾਂ ਦਾ ਇਕਮੱਤ ਹੈ। ਪੁਰਾਤਨ ਸਮੇਂ ਤੋਂ ਬ੍ਰਿਟਿਸ਼ ਰਾਜ ਦੇ ਮੁੱਢਲੇ ਦਿਨਾਂ ਤੱਕ ਲੁਬਾਣਾ ਬਰਾਦਰੀ ਦਾ ਮੁੱਖ ਧੰਦਾ ਸਮਾਨ ਦੀ ਢੋਆ-ਢੁਆਈ ਸੀ। ਮੁੱਖ ਤੌਰ ਤੇ ਉਹ ਆਪਣੇ ਬਲਦਾਂ ਤੇ ਸਮਾਨ ਲੱਦ ਕੇ ਇਧਰ-ਉਧਰ ਦੂਰ-ਦੁਰਾਡੇ ਤੱਕ ਢੋਆ-ਢੁਆਈ ਦਾ ਕੰਮ ਕਰਦੇ ਸਨ। ਬਲਦਾਂ ਤੋਂ ਅੱਗੇ ਗੱਡਿਆਂ ਦੀਆਂ ਵਹੀਰਾਂ ਅਤੇ ਸਮਰੱਥਾ ਮੁਤਾਬਕ ਦਰਿਆਵਾਂ ਵਿਚ ਬੇੜਿਆਂ ਰਾਹੀਂ ਢੋਆ-ਢੁਆਈ ਦਾ ਧੰਦਾ ਕੀਤਾ ਜਾਂਦਾ ਸੀ। ਧਨਾਢ ਸਿੱਖ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਨਾਨਕ ਦੇ ਘਰ ਦਰਬਾਰ ਦਾ ਅਨਿਨ ਸ਼ਰਧਾਲੂ ਸੀ। ਖੁਦ ਇਕ ਵੱਡਾ ਧਨਾਢ ਵਪਾਰੀ ਵੀ ਸੀ। ਉਸ ਦਾ ਦਰਿਆਈ ਅਤੇ ਸਮੁੰਦਰੀ ਰਸਤੇ ਰਾਹੀਂ ਢੋਆ-ਢੁਆਈ ਦਾ ਵਪਾਰ ਵੀ ਸੀ।

ਇਕ ਵਾਰ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਤੇਜ ਹਵਾਵਾਂ ਅਤੇ ਉੱਚੀਆਂ ਲਹਿਰਾਂ ਦੇ ਤੂਫ਼ਾਨ ਵਿਚ ਫਸ ਗਿਆ। ਜਹਾਜ਼ ਡੋਲੇ ਖਾਣ ਲੱਗਾ। ਸਿੱਖ ਦਾ ਬੇੜਾ ਸ਼ਰਧਾ ਤੇ ਵਿਸ਼ਵਾਸ ਨਾਲ ਪਾਰ ਹੁੰਦਾ ਹੈ। ਬਾਣੀ ਵਿਚ ਜ਼ਿਕਰ ਹੈ।

**"ਜੋ ਮਨ ਚਿਤ ਲਾਇ ਪੂਜੇ ਗੁਰੂ ਮੂਰਿਤ,**
**ਸੋ ਮੰਨ ਚਿੰਦੇ ਅਨੇਕ ਫਲ ਪਾਂਹੀ ॥"**

ਮੱਖਣ ਸ਼ਾਹ ਦੇ ਗੁਰੂ ਨਾਨਕ ਜੀ ਦੇ ਦਰਬਾਰ ਦੀ ਗੁਰ ਗੱਦੀ ਦਾ ਧਿਆਨ ਰੱਖ ਕੇ ਸ਼ਰਧਾ ਨਾਲ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਆਪ ਜੀ ਮੇਰੇ ਜਨ ਮਾਲ



ਦੀ ਰਾਖੀ ਕਰੋ, ਇਸ ਬਿਪਤਾ ਵਿਚੋਂ ਮੇਰੇ ਬੇੜੇ ਨੂੰ ਸੁੱਖੀ ਸਾਂਦੀ ਬਾਹਰ ਕੱਢੋ, ਮੈਂ ਆਪ ਜੀ ਦੀ ਗੱਦੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਤਨ, ਮਨ ਅਤੇ ਧਨ ਨਾਲ ਨਤਮਸਤਕ ਹੋਵਾਗਾਂ। ਸਿੱਖ ਦੀ ਸ਼ਰਧਾ ਭਰੀ ਅਰਦਾਸ ਮਨਜ਼ੂਰ ਹੋਈ।

**ਗੁਰ ਪੂਰਾ ਜਿਨ ਸਿਮਰਿਆ, ਸੇਈ ਭਏ ਨਿਹਾਲਾ।**

ਬੇੜਾ ਸਹੀ ਸਲਾਮਤ ਬੰਨੇ ਲੱਗ ਪਿਆ। ਸਿੱਖ ਦੀ ਰਸਨਾ ਤੇ ਆਇਆ ਧੰਨ ਸਤਿਗੁਰੂ–"**ਤੂੰ ਕਰਤਾ ਤੂੰ ਕਰਣੈ ਯੋਗ॥**" ਧੰਨ ਮੇਰੇ ਪਾਤਸ਼ਾਹ ਸੇਵਕਾਂ ਦੇ ਸਦਾ ਸਹਾਈ, ਆਪ ਜੀ ਦਾ ਲੱਖ–ਲੱਖ ਸ਼ੁਕਰ ਹੈ।

ਸਿੱਖ ਦਾ ਜਹਾਜ਼ ਕਿਨਾਰੇ ਲੱਗਾ। ਪਹਿਲੀ ਫ਼ੁਰਸਤ ਹੀ ਕਿਨਾਰੇ ਲਗਾਉਣ ਵਾਲੇ ਗੁਰੂ ਦੇ ਦਰਸ਼ਨ ਕਰਨ ਅਤੇ ਸ਼ੁਕਰਾਨਾ ਕਰਨ ਲਈ ਪਰਿਵਾਰ ਅਤੇ ਸੇਵਕਾਂ ਸਮੇਤ ਨਿਕਲ ਤੁਰਿਆ। ਪਤਾ ਲੱਗਾ ਅੱਠਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਚੁੱਕੇ ਹਨ। ਅੰਤਮ ਸਮੇਂ ਪੰਜ ਪੈਸੇ ਤੇ ਨਾਰੀਅਲ ਰੱਖ ਕੇ 'ਬਾਬਾ ਬਕਾਲੇ' ਕਹਿ ਕੇ ਨਮਸ਼ਕਾਰ ਕਰਕੇ ਸੰਗਤਾਂ ਨੂੰ ਅਗਲਾ ਗੁਰੂ ਬਾਬੇ ਬਕਾਲੇ ਵਿਚ ਹੋਣ ਦਾ ਇਸ਼ਾਰਾ ਕਰ ਗਏ ਹਨ।

ਸਿੱਖ ਨੇ ਬਾਬਾ ਬਕਾਲਾ ਨਗਰ ਦਾ ਰਾਹ ਫੜਿਆ। ਬਕਾਲੇ ਪਹੁੰਚੇ ਕੇ ਮੱਖਣ ਸ਼ਾਹ ਨੇ ਸਾਰੇ ਡੇਰੇ ਸਮੇਤ ਨਗਰ ਦੇ ਬਾਹਰ ਖੁੱਲ੍ਹੀ ਜਗ੍ਹਾ ਤੇ ਤੰਬੂ–ਕਨਾਤਾਂ ਲਗਾ ਲਏ। ਰਾਤ ਵਿਸ਼ਰਾਮ ਕੀਤਾ। ਅਗਲੀ ਸਵੇਰ ਅੰਮ੍ਰਿਤ ਵੇਲੇ ਉੱਠੇ , ਇਸ਼ਨਾਨ ਪਾਠ ਕਰਕੇ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ, ਅੱਠਵੇਂ ਗੁਰੂ ਜੀ ਦੇ ਬਾਬਾ ਬਕਾਲੇ ਫ਼ੁਰਮਾਨ ਕਾਰਨ ਗੁਰੂ ਪਰਿਵਾਰਾਂ ਨਾਲ ਕਿਸੇ ਤਰ੍ਹਾਂ ਦਾ ਵੀ ਰਿਸ਼ਤਾ ਰੱਖਣ ਵਾਲੇ, ਖਾਸ ਤੌਰ ਤੇ ਸੋਢੀ ਪਰਿਵਾਰਾਂ ਵਿਚੋਂ 22 ਮਸੰਦ ਖੁਦ ਸੱਚਾ ਗੁਰੂ ਹੋਣ ਦਾ ਦਾਅਵਾ ਕਰਕੇ ਵੱਖ–ਵੱਖ ਹੱਟੀਆਂ (ਦੁਕਾਨਾਂ) ਖੋਲ੍ਹ ਕੇ ਬੈਠ ਗਏ ਹਨ, ਗਰੀਬ ਨਿਵਾਜ ਸੋਝੀ ਦਿਓ, ਮੈਂ ਕਿਵੇਂ ਲੱਭ ਸਕਾਂ ਆਪ ਜੀ ਨੂੰ। ਪ੍ਰਾਰਥਨਾ ਭਰੀ ਅਰਦਾਸ ਹੋਈ। ਮੱਥਾ ਟੇਕਿਆ, ਤਿਆਰੀ ਕਰਕੇ ਦਰਸ਼ਨਾਂ ਨੂੰ ਤੁਰ ਪਏ।

ਧੀਰ ਮੱਲ ਸਮੇਤ ਸਾਰੀਆਂ ਮੰਜੀਆਂ ਤੇ ਸਜੇ ਅਖੌਤੀ ਤੇ ਪਾਖੰਡੀ ਗੁਰੂਆਂ ਨੂੰ ਕਿਸੇ ਨੂੰ ਦੋ, ਕਿਸੇ ਨੂੰ ਪੰਜ ਮੋਹਰਾ ਰੱਖ ਕੇ ਮੱਥਾ ਟੇਕਿਆ। ਸਭ ਨੇ ਮੋਹਰਾ ਜੇਬ ਵਿਚ ਪਾਈਆਂ ਤੇ ਰੱਜ–ਰੱਜ ਕੇ ਅਸੀਸਾਂ ਦਿੱਤੀਆਂ। ਸਿੱਖ ਦਾ ਮਨ ਵਿਯੋਗ ਵਿਚ ਆ ਗਿਆ ਕਿ ਸੱਚੇ ਗੁਰੂ ਨੇ ਮੈਨੂੰ ਕਿਉਂ ਨਹੀਂ ਪਛਾਣਿਆ? ਕਿਉਂ ਨਹੀਂ ਜੋ ਮੈ ਸੁਖਿਆ ਸੀ ਮੇਰੇ ਪਾਸੋਂ ਮੰਗ ਲਿਆ, ਜੋ ਇੰਨੀ ਦੂਰੀ ਤੋਂ ਮੇਰੀ ਕੀਤੀ ਅਰਦਾਸ ਸੁਣ ਕੇ ਮੇਰਾ ਬੇੜਾ ਬੰਨੇ ਲਗਾ ਸਕਦਾ ਹੈ, ਉਹ ਮੇਰੇ ਆਏ ਤੋਂ ਆਪਣੀ ਅਮਾਨਤ ਮੰਗ ਕੇ ਮੈਨੂੰ ਸੇਵਕ ਨੂੰ ਖੁਸ਼ੀਆਂ ਨਾਲ ਭਰ ਕਿਉਂ ਨਹੀਂ ਰਿਹਾ? ਮੰਨ ਉਦਾਸ ਸੀ? ਇਕ ਸਥਾਈ ਰਾਹਗੀਰ ਨੂੰ ਪੁਛਿਆ ਕੋਈ ਹੋਰ ਵੀ ਹੈ ? ਜਵਾਬ ਮਿਲਿਆ ਇਕ ਮਸਤਾਨਾ ਜਿਹਾ ਸੋਢੀ ਹੋਰ ਵੀ ਹੈ, ਜੋ ਛੇਵੇਂ ਸਤਿਗੁਰੂ ਜੀ ਦਾ ਛੋਟਾ ਸਾਹਿਬਜ਼ਾਦਾ ਹੈ, ਉਸਦਾ ਨਾਮ ਤੇਗ਼ ਬਹਾਦਰ ਹੈ, ਲੋਕ ਤੇਗਾ ਕਮਲਾ ਵੀ ਕਹਿੰਦੇ ਹਨ। ਭੋਰੇ ਵਿਚ ਲੁਕਿਆ ਰਹਿੰਦਾ ਹੈ। ਰੱਬ ਦੇ ਨਾਮ ਵਿਚ ਮਸਤ ਹੈ। ਬਾਹਰੀ ਦੁਨੀਆਂ ਤੋਂ ਅਲਮਸਤ ਹੈ। ਸੁਣ ਕੇ ਮੱਖਣ ਸ਼ਾਹ ਦੇ ਚਿਹਰੇ ਤੇ ਖੇੜਾ ਆ ਗਿਆ। ਦਿਲ ਨੇ ਤਸੱਲੀ ਦਿੱਤੀ। ਆਤਮਾ ਨੇ ਆਖਿਆ ਤੇਰੀ ਮੁਰਾਦ ਪੂਰੀ ਹੋਣ ਵਾਲੀ ਹੈ। ਢਿੱਲ ਨਾ ਲਾ। ਅੱਠਵੇਂ ਪਾਤਸ਼ਾਹ ਨੇ ਕਿਹਾ ਸੀ 'ਬਾਬਾ ਬਕਾਲੇ' ਜੋ ਇਹ ਛੇਵੇਂ ਪਾਤਸ਼ਾਹ ਦਾ ਸਾਹਿਬਜ਼ਾਦਾ ਹੈ ਤਾਂ ਫਿਰ ਰਿਸ਼ਤੇ ਵਿਚ ਵੀ ਤਾਂ ਅੱਠਵੇਂ ਪਾਤਸ਼ਾਹ ਦਾ 'ਬਾਬਾ' ਹੀ ਲਗਾ। ਲੱਗਦੈ ਇਹੋ ਅਸਲੀ ਏ ਪਰ ਪਰਖ ਕਰ ਕੇ ਹੀ ਮੰਨਾਂਗੇ।

ਪਹੁੰਚ ਕੇ ਮਾਤਾ ਨਾਨਕੀ ਜੀ ਨੂੰ ਦਰਸ਼ਨ ਕਰਨ ਦੀ ਮਨਜ਼ੂਰੀ ਦੀ ਖਾਹਸ਼ ਜ਼ਾਹਿਰ ਕੀਤੀ। ਮਾਤਾ ਨੇ ਕਿਹਾ ਦੁਨਿਆਵੀ ਜੀਵਾਂ ਨੂੰ ਮਿਲਦੇ ਨਹੀਂ। ਜ਼ਿੱਦ ਕਰਨ ਤੇ ਮਾਤਾ ਨੇ ਅੰਦਰੋਂ ਮਨਜ਼ੂਰੀ ਲੈ ਦਿੱਤੀ। ਪਹੁੰਚ ਕੇ ਦੀਦਾਰੇ ਕੀਤੇ, ਕਪਾਟ ਖੁੱਲ੍ਹ ਗਏ, ਰੂਹ ਸਰਸ਼ਾਰ ਹੋ ਗਈ ਪਰ ਪਰਖ ਦੀ ਕਸਵੱਟੀ ਲਾ ਦਿੱਤੀ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਮਨ ਵਿਚ ਅਰਦਾਸ ਕੀਤੀ ਜੇ ਤੂੰ ਹੀ ਮੇਰਾ ਬੇੜਾ ਪਾਰ ਲਗਾਉਣ ਵਾਲਾ ਹੈ ਤਾਂ ਕਰ ਕੋਈ ਇਸ਼ਾਰਾ।

**"ਸ੍ਰੀ ਗੁਰੂ ਤੇਗ ਬਹਾਦਰ ਚੰਦ।**
**ਕਹਯੋ ਤਿਸੈ ਹੇ ਸਿੱਖ ਬਲੰਦ।**
**ਸਾਗਰ ਸਮੇਂ ਜਹਾਜ਼ ਲੰਘਾਵਨਿ।**
**ਤਹਿ ਜੋ ਕੀਨ ਸੰਕਲਪ ਉਠਾਵਿਨ।**
**ਅਰ ਦਸੌਂਧ? ਗੁਰ ਕੋ ਹੈ ਜੋਤਾ।**
**ਅਰਪਨ ਦਰਬ ਕਰਹੁ ਅਬ ਤੇਤਾ।**
**ਸਿਖੀ ਮਹਿ ਸ਼ਰਧਾ ਨਿਤ ਰਾਖਹੂ।**
**ਗੁਰ ਹਾਜਰ ਸਦ ਜਹਾਂ ਭਿਲਾਖੀ॥"**

ਇਹ ਸੁਣ ਕੇ ਮੱਖਣ ਸ਼ਾਹ ਦੇ ਕਪਾਟ ਖੁੱਲ੍ਹ ਗਏ, ਨੇਤਰਾਂ ਵਿਚੋਂ ਵੈਰਾਗ ਵਹਿ ਤੁਰਿਆ। ਕਿਤਨਾ ਚਿਰ ਚੁੱਪ ਰਿਹਾ। ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ।

**'ਹੇ ਸਤਗੁਰ ਪੂਰਨ ਕਰ ਦਯਾ।**
**ਸਾਗਰ ਪਤਾ ਜੁ ਰਾਵਰਿ ਦਯਾ।**
**ਨਯਾ ਜਨਮ ਹੋਵਤਿ ਭਾ ਮੋਰਾ।**
**ਕਰਯੋ ਨਿਵਾਰਿਨ ਸੰਕਟ ਘੋਰਾ।'**

ਸਾਰੇ ਸੰਸਾਰ ਨੂੰ ਅੰਨ ਤੇ ਧੰਨ ਨਾਲ ਪੂਰਨ ਕਰਨ ਵਾਲੇ, ਗੁਰਦੇਵ ਜੀਓ, ਆਪ ਨੇ ਮੈਥੋਂ ਦਸਵੰਧ ਤੇ ਸੁਖਨਾ ਨਹੀਂ ਮੰਗੀ। ਇਸ ਬਹਾਨੇ ਆਪ ਨੇ ਮੋਏ ਹੋਏ ਸੇਵਕ ਨੂੰ ਜਿਵਾਲ ਦਿੱਤਾ ਹੈ। ਮੇਰੇ ਵੱਡੇ ਭਾਗ ਹਨ ਜਿਸ ਨੂੰ ਤੁਸਾਂ ਦਰਸ਼ਨ ਕਰਨ ਦਾ ਸੁਭਾਗ ਬਖਸ਼ਿਆ ਹੈ। ਮੇਰੇ ਡੁੱਬਦੇ ਨੂੰ ਸਹਾਰਾ ਮਿਲਿਆ ਹੈ। ਨਰਕੀ ਜੀਵ ਨੂੰ ਸਵਰਗ ਦੀ ਪ੍ਰਾਪਤੀ ਹੋਈ ਹੈ। ਗੁਰੂ ਜੀ ਅੱਗੇ ਹੱਥ ਬੰਨ ਕੇ ਅਰਜ਼ੋਈ ਕੀਤੀ ਹੇ ਸੱਚੇ ਪਾਤਸ਼ਾਹ ਆਪ ਜੀ ਦੇ ਪ੍ਰਗਟ ਹੋ ਜਾਣ ਦਾ ਸਮਾਂ ਆ ਗਿਆ ਹੈ। ਹੁਣ ਮੈਂ ਕਦਾਚਿਤ ਵੀ ਆਪ ਜੀ ਨੂੰ ਗੁਰਗੱਦੀ ਤੋਂ ਦੂਰ ਨਹੀਂ ਰਹਿਣ ਦੇਣਾ।

**"ਸ੍ਰੀ ਗੁਰੂ ਤੇਗ ਬਹਾਦਰ ਸੁਨਿ ਕੈ।**
**ਬਰਜਨ ਕੀਨਸ ਬਾਕਿਨ ਭਨਿ ਕੈ॥**
**ਹਮ ਕੋ ਜਾਹਰ ਬਾਹਰ ਕਰੋ॥**
**ਪੁਨ ਨਾ ਮਨੋਰਥ ਇਹ ਉਰ ਧਰੋ।**
**ਜੋ ਮਾਨੁੱਖ ਇਮ ਕਰ ਹੈ ਕਾਰਾ।**
**ਤਿਹ ਮੁਖ ਹੋਇ ਦਰਗਹਿ ਮਹਿ ਕਾਰਾ।"**

ਸੁਣਦਿਆਂ ਹੀ ਮੱਖਣ ਸ਼ਾਹ ਲੰਗਰ ਘਰ ਵੱਲ ਵਧਿਆ। ਤਵੇ ਦੀ

ਸਿਆਹੀ ਨਾਲ ਹੱਥ ਭਰ ਕੇ ਮੂੰਹ ਤੇ ਲਾਇਆ। ਸੋਚਿਆ ਦਰਗਾਹ ਵਿਚ ਮੂੰਹ ਕਾਲਾ ਕਰਵਾਉਣ ਨਾਲੋਂ ਇਥੇ ਕੀਤਾ ਚੰਗਾ ਹੈ। ਲੋਕ ਲਾਜ ਦੀ ਪ੍ਰਵਾਹ ਨਾ ਕੀਤੀ। **'ਆਪ ਗਵਾਈਏ ਤਾਂ ਸਹੁ ਪਾਈਏ'** ਵਾਲੀ ਗੱਲ ਤੇ ਅਮਲੀ ਜਾਮਾ ਪਹਿਨਾਇਆ। ਭੇਟ ਅੱਗੇ ਰੱਖੀ, ਦਸਵੰਧ ਭੇਟ ਕੀਤਾ। ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ। ਗੁਰੂ ਨਾਨਕ ਦੀ ਸਿੱਖੀ ਜਿਸ ਦਾ ਚਹੁੰ ਕੂੰਟਾਂ ਵਿਚ ਫੈਲਿਆ ਹੋਇਆ ਹੈ, ਦੀ ਰਹਿਬਰੀ ਸਾਰਸ਼ਾਰ ਹੋ ਕੇ ਸੰਭਾਲੋ, ਗੁਰੂ ਹਰਕ੍ਰਿਸ਼ਨ ਜੀ ਵੱਲੋਂ ਉਚਰੇ ਸ਼ਬਦ **'ਬਾਬਾ ਬਕਾਲੇ'** ਦੇ ਇਸ਼ਾਰੇ ਨੂੰ ਅਸਲੀ ਜਾਮਾ ਪਹਿਨਾਓ, ਉਪਰੋਕਤ ਹੁਕਮਾਂ ਅਨੁਸਾਰ ਹੀ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਭੇਟਾਂ ਲੈ ਕੇ ਬਕਾਲੇ ਆਉਂਦੀ ਹੈ, ਉਹਨਾਂ ਦੀ ਸ਼ਰਧਾ ਸਿਦਕ ਇਹਨਾ ਆਪੇ ਬਣੇ ਗੁਰੂਆਂ ਦੇ ਢਾਹੇ ਚੜ੍ਹ ਕੇ ਘਟ ਜਾਂਦੀ ਹੈ, ਆਪ ਹੀ ਅੱਠਵੇਂ ਸਤਿਗੁਰੂ ਦੇ ਕਹੇ ਹੋਏ ਮੁਖਵਾਕ ਨੂੰ ਸਤ ਕਰੋ, ਗੁਰਗੱਦੀ ਤੇ ਸੁਭਾਇਮਾਨ ਹੋ ਕੇ ਸਿੱਖੀ ਨੂੰ ਸੰਭਾਲੋ।

ਗੁਰੂ ਮਹਾਰਾਜ ਸਿਦਕੀ ਸਿੱਖ ਦੀ ਸ਼ਰਧਾ, ਸਿਦਕ, ਪ੍ਰੇਮ, ਨਿਮਰਤਾ ਤੇ ਵਿਸ਼ਵਾਸ ਵੇਖ ਕੇ ਪ੍ਰਸੰਨ ਹੋ ਗਏ। ਪ੍ਰਵਾਨਗੀ ਦੇ ਦਿੱਤੀ ਆਖਿਆ ਜਾਹ ਹੁਣ ਮੂੰਹ ਧੋ ਕੇ ਆਓ।

**''ਗੁਰੂ ਆਖਿਆ ਲੈ ਮੱਖਣ ਸ਼ਾਹੁ।**
**ਮੁਖ ਧੋਯੋ ਲੈ ਜਲ ਕਰ ਮਾਹੁ।**
**ਗੁਰ-ਗਿਰਾ ਘਰ ਇੱਛਾ ਜਾ ਕੀ।**
**ਪੂਰਨ ਕੀਨਿ ਮਨਿ ਮਨ ਨੀਕੀ॥''**

ਸੁੰਦਰ ਪੁਸ਼ਾਕਾ ਪਹਿਨ ਕੇ ਗੁਰੂ ਜੀ ਸਿੰਘਾਸਨ ਤੇ ਬੈਠੇ। ਚੌਰ ਬਰਦਾਰ ਸਿਰ ਉਪਰ ਚੌਰ ਕਰ ਰਿਹਾ ਹੈ। ਮੱਖਣ ਸ਼ਾਹ ਭੱਜ ਕੇ ਕੋਠੇ ਤੇ ਚੜ੍ਹ ਗਿਆ। ਪੱਲਾ ਹਿਲਾ ਹਿਲਾ ਕੇ ਉਚੀ-ਉਚੀ ਆਵਾਜ਼ ਦਿੱਤੀ **'ਗੁਰੂ ਲਾਧੋ ਰੇ, ਗੁਰੂ ਲਾਧੋ ਰੇ।'**

**''ਤਿਹ ਛਿਨ ਮੱਖਣ ਚਢਿਯੋ ਊਚ ਅਟਾਰੀ।**
**ਸਭ ਸੰਗਤ ਸੋਂ ਊਚ ਉਚਾਰੀ।**
**ਭੁਲੀਏ ਸੰਗਤ ਸੁਣਹੁ ਸੋਕਾਨ।**
**ਸਤਗੁਰ ਲਧਾ ਮਹਿਦ ਮਹਾਨ।**
**ਸੰਸੈ ਭਰਮ ਰਿਦੈ ਕੋ ਤਜਿ ਕੇ।**
**ਜਨਮ ਸਧਾਰਨ ਸ੍ਰੀ ਗੁਰ ਭਜ ਕੈ॥''**

ਇਹ ਸੁਣ ਕੇ ਸੰਗਤ ਦੌੜੀ ਆਈ। ਦਰਸ਼ਨ ਕੀਤੇ, ਭੇਟਾ ਰੱਖੀਆਂ, ਚਾਰ-ਚੁਫੇਰੇ ਰੌਲਾ ਪੈ ਗਿਆ। ਜਿਸ ਨੂੰ ਲੋਕ 'ਤੇਗ਼ਾ ਕਮਲਾ' ਕਹਿੰਦੇ ਸਨ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਸ਼ਕਤੀਆਂ ਦੇ ਮਾਲਕ ਹਨ। ਜਿਨ੍ਹਾਂ ਨੇ ਮੱਖਣ ਸ਼ਾਹ ਲੁਬਾਣੇ ਦਾ ਡੁੱਬਦਾ ਜਹਾਜ਼ ਬੰਨੇ ਲਾਇਆ ਹੈ। ਉਸ ਸ਼ਰਧਾਲੂ ਸਿੱਖ ਨੇ ਸਭ ਸੰਗਤਾਂ ਦੇ ਭਲੇ ਲਈ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ ਹੈ। ਚੰਦਰਮਾ ਚੜ੍ਹ ਪਿਆ ਹੈ, ਹੁਣ ਹਨ੍ਹੇਰਾ ਨਹੀਂ ਰਹੇਗਾ। ਭਾਈ ਮੱਖਣ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਵਿਸ਼ਵਾਸ ਰਾਹੀਂ ਕਾਰਨਾਮਾ ਕਰ ਵਿਖਾਇਆ ਹੈ।

ਇਸ ਤੋਂ ਉਪਰੰਤ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਤਿਗੁਰੂ ਦੇ ਸੰਗ ਰਹੇ। ਧੀਰ ਮੱਲ ਤੇ ਸ਼ੀਹੇ ਮਸੰਦ ਨੂੰ ਸੋਧਿਆ। ਸਤਿਗੁਰੂ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕੀਤੀਆਂ।

ਸਮੁੱਚਾ ਸਿੱਖ ਪੰਥ ਅਤੇ ਖਾਸਕਰ ਲੁਬਾਣਾ ਬਰਾਦਰੀ ਬਾਬਾ ਮੱਖਣ ਸ਼ਾਹ ਲੁਬਾਣੇ ਦੇ ਇਸ ਕਾਰਨਾਮੇ ਨੂੰ ਹਮੇਸ਼ਾ ਸਿਜਦਾ ਕਰਦੇ ਰਹਿਣਗੇ। ਹਰ ਸਾਲ ਦੀ ਤਰ੍ਹਾਂ ਬਾਬਾ ਬਕਾਲਾ ਵਿਖੇ ਸਾਵਣ ਮਹੀਨੇ ਦੀ ਪੂਰਨਮਾਸ਼ੀ ਤੇ ਵੱਡੇ ਜੋੜ ਮੇਲੇ ਵਿੱਚ ਸਿੱਖ ਸੰਗਤਾਂ ਇਸ ਅਦੁੱਤੀ ਮਨੁੱਖ ਨੂੰ ਸਿਜਦਾ ਕਰਦੀਆਂ ਹਨ।

ਹਰ ਸਾਲ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਮਿਤੀ 7 ਅਕਤੂਬਰ ਨੂੰ ਇਹ ਦਿਹਾੜਾ ਬੜੇ ਚਾਅ ਅਤੇ ਮਲਾਰਾਂ ਨਾਲ ਮਨਾਇਆ ਜਾਂਦਾ ਹੈ।

# ਸੱਚਾ ਗੁਰੂ ਲਾਧੋ ਰੇ !

**ਚਮਨ ਹਰਗੋਬਿੰਦਪੁਰੀ**

ਤੁਰੀ ਜਾਂਦੀ ਗਰਮੀ, ਸਿਆਲ ਆਈ ਜਾਂਦਾ ਏ
ਠਰੀ ਹੋਈ ਰੁੱਤ ਦਾ, ਖਿਆਲ ਆਈ ਜਾਂਦਾ ਏ।
ਠੰਡੀ-ਠੰਡੀ ਲਗ ਰਹੀ, ਬਿਰਛਾ ਦੀ ਛਾਂ ਏ
ਵੱਗਦਾ ਬਿਆਸ ਲਾਗੇ, ਸੋਹਣੀ ਜਿਹੀ ਥਾਂ ਏ।
ਸੋਹਣੀ ਜਿਹੀ ਥਾਂਵੇ ਇਕ ਵਸਦਾ ਗਿਰਾਂ ਏ
ਸੋਹਣਾ ਏ ਗਿਰਾਂ, ਕਿ ਬਕਾਲਾ ਜਿਦਾ ਨਾ ਏ।
ਪਿੰਡ ਹੈ ਬਕਾਲਾ ਜਿਹਦਾ, ਨਿੱਕਾ ਜਿਨ੍ਹਾਂ ਘੇਰਾ ਏ
ਪਿੰਡ ਵਿਚ ਕਿੰਨੇ ਸਾਰੇ ਸਾਧਾਂ ਲਾਇਆ ਡੇਰਾ ਏ।
ਅੱਸੂ ਦਾ ਮਹੀਨਾ ਏ, ਤੇ ਵੇਲਾ ਏ ਸਵੇਰ ਦਾ
ਸਾਰਾ ਢਾਣਾ ਸਾਧੂਆਂ ਦਾ, ਮਾਲਾ ਪਿਆ ਫੇਰਦਾ।
ਥੋੜ੍ਹੀ-ਥੋੜ੍ਹੀ ਵਿੱਥ ਉੱਤੇ, ਮੰਜੀਆਂ ਵਿਛਾ ਕੇ
ਬੈਠੇ ਨੇ ਗਦੇਲਿਆਂ, ਨਾਲ ਢੋਆਂ ਲਾ ਕੇ।
ਵੱਖੋ-ਵੱਖ ਭੇਸ, ਹਰ ਸਾਧ ਨੇ ਬਣਾਇਆ
ਪੈਰਾਂ ਤੀਰ ਨੀਵੇਂ ਝੱਗੇ, ਸਾਰਿਆਂ ਨੇ ਪਾਏ ਆ।
ਸਾਰੇ ਟਾਪ ਗੇਅਰ ਵਿੱਚ, ਮਾਲਾ ਪਏ ਫੇਰਦੇ
ਨਾਲੇ ਸ਼ਰਧਾਲੂਆ ਤੋਂ, ਮਾਲ ਪਏ ਟੇਰਦੇ।
ਨਵੇਂ-ਨਵੇਂ ਲੀੜੇ ਭਾਵੇਂ, ਹਰ ਰੋਜ ਪਾਉਂਦੇ ਆ
ਉਦਾਂ ਸਾਰੇ ਮੱਸਿਆ ਤੇ, ਪੁੰਨਿਆਂ ਹੀ ਨ੍ਹਾਉਂਦੇ ਆ।
ਕਿਸੇ ਤੋ ਨਾ ਹੋਇਆ, ਇਸ ਗੱਲ ਦਾ ਨਬੇੜਾ ਏ।
(ਕਿ) ਇਹਨਾਂ ਥਾਈਆਂ ਸਾਧਾਂ ਚੋਂ, ਨੌਵਾਂ ਗੁਰੂ ਕਿਹੜਾ ਏ।

ਇਕ ਦਿਨ ਪਿੰਡ ਵਿਚ, ਰੌਲਾ ਜਿਹਾ ਪੈ ਗਿਆ
ਹਰ ਇਕ ਆਦਮੀ ਹੈਰਾਨ, ਜਿਹਾ ਰਹਿ ਗਿਆ।
ਟਹੁਰੀ ਜਿਹਾ ਬੰਦਾ ਇਕ, ਪਿੰਡ ਵਿਚ ਆਇਆ ਏ
ਵੱਡਾ ਸਾਰਾ ਢਾਣਾ ਨਾਲ, ਆਪਣੇ ਲਿਆਇਆ ਏ।
ਵੱਖਰਾ ਈ ਜਾਪਦਾ ਏ, ਟਹੁਰ ਉਹਦੀ ਪੱਗ ਦਾ
ਹੱਥ ਫੜੇ ਝੋਲੇ ਤੋਂ, ਵਪਾਰੀ ਜੇਹਾ ਲੱਗਦਾ।
ਵੱਖਰੀ ਨੁਹਾਰ ਅਤੇ, ਵੱਖਰੀਆਂ ਤੋਰਾਂ ਨੇ
ਗੁੱਥਲੀ 'ਚ ਪਾਈਆਂ ਉਹਨੇ, ਸੋਨੇ ਦੀਆਂ ਮੋਹਰਾਂ ਨੇ।
ਹੈਗਾ ਅਜਨਬੀ, ਉਂਜ ਆਦਮੀ ਸਿਆਣਾ ਏ
ਕਹਿੰਦੇ ਇਸ ਬੰਦੇ ਦੀ, ਬਰਾਦਰੀ ਲੁਬਾਣਾ ਏ।
ਆਇਆ ਦੂਰੋਂ ਚਲ, ਇਹਦਾ ਹੋਰ ਹੀ ਗਿਰਾਂ ਏਂ
ਲੂਣ ਦਾ ਵਪਾਰੀ ਏ, ਤੇ ਮੱਖਣ ਸ਼ਾਹ ਨਾਂ ਏ।
ਗੁਰੂ ਦੇ ਦੀਦਾਰ ਲਈ, ਮਨ ਉਹਦਾ ਲੁੱਛਦਾ
ਨੌਂਵਾਂ ਗੁਰੂ ਕਿਹੜਾ ਏ, ਨਿਆਣਿਆਂ ਤੋਂ ਪੁੱਛਦਾ।
ਡੌਰ-ਭੌਰਾ ਫਿਰਦਾ, ਪਿਆਰ 'ਚ ਦੀਵਾਨਾ ਏ
ਸ਼ਮ੍ਹਾਂ ਦੀ ਤਲਾਸ਼ 'ਚ, ਹੈਰਾਨ ਪ੍ਰਵਾਨਾ ਏ।
ਘੋੜਿਆਂ ਦੇ ਥੱਲੇ ਜੇਵੇਂ ਪੰਜ ਹੋਣ ਘੜਵੰਜੀਆਂ
ਵਿਹੜੇ ਵਿਚ ਡੱਠੀਆਂ ਨੇ, ਬਾਈ-ਤੇਈ ਮੰਜੀਆਂ।
ਲਾਏ ਹੋਏ ਫੰਧੇ, ਲੋਕ ਫਾਹੁਣ ਲਈ ਫਰੇਬੀਆਂ
ਦਿਨੇ ਰਾਤ ਖਾਂਦੇ, ਲੱਡੂ ਪੇੜੇ ਤੇ ਜਲੇਬੀਆਂ।
ਛੋਆਂ-ਛੋਆਂ ਗਜਾਂ ਦੀਆਂ, ਧੋਤੀਆਂ ਜੋ ਲਾਈਆਂ ਨੇ
ਮੋਈਆਂ ਮੁੱਲ ਲਈਆਂ, ਸਭੇ ਮੋਈਆਂ ਉੱਤੋਂ ਲਾਹੀਆਂ ਨੇ।
ਜ਼ਿੰਦਗੀ 'ਚ ਜਿਹਨੇ ਕਦੇ, ਸਿੱਖਿਆ ਨਹੀਂ ਉੱਕਣਾ
ਸੋਚਦਾ ਏ ਕਿਸ ਨੂੰ, ਚੜ੍ਹਾਵਾਂ ਅੱਜ ਸੁੱਖਣਾ।
ਤੂੜ ਹੋਇਆ ਸਾਧਾਂ ਨਾਲ ਕਿਵੇਂ ਸਾਰਾ ਵਿਹੜਾ ਏ
ਕਿਵੇਂ ਲੱਭਾਂ ਇਨ੍ਹਾਂ ਵਿਚੋਂ, ਨੌਂਵਾਂ ਗੁਰੂ ਕਿਹੜਾ ਏ?
ਫੇਰ ਏਦਾਂ ਸੋਚਦਾ, ਭੁਲੇਖਾ ਵੀ ਨਾ ਰਹੂਗਾ
ਸੁੱਖਣਾ ਦੀ ਭੇਟ ਆਪੇ, ਗੁਰੂ ਮੰਗ ਲਊਗਾ।
ਪੰਜ-ਪੰਜ ਮੋਹਰਾਂ ਹਰ, ਸਾਧ ਨੂੰ ਚੜ੍ਹਾਉਂਦਾ ਏ
ਵੇਖੋ ਕੇਵੇਂ ਗੁਰੂ ਤਾਈਂ, ਸਿੱਖ ਅਜਮਾਉਂਦਾ ਏ।
ਹਰ ਇਕ ਸਾਧ ਆਖੇ, ਬਾਕੀ ਹੇਰਾ ਫੇਰੀ ਏ
ਨੌਂਵਾਂ ਗੁਰੂ ਮੈਂਈਆਂ, ਤੇ ਗੁਰੂ ਗੱਦੀ ਮੇਰੀ ਏ।
ਵਾਰੀ-ਵਾਰੀ ਸਾਧੂਆਂ ਦਾ, ਭੋਗ ਜਦੋਂ ਪੈ ਗਿਆ।
ਪੁੱਛਦਾ ਏ ਸਾਧ ਕੋਈ, ਹੋਰ ਤੇ ਨਹੀਂ ਰਹਿ ਗਿਆ।
ਲਾਗੋਂ ਇਕ ਬੰਦਾ, ਹੌਲੀ ਜਿਹੀ ਦੱਸਦਾ
ਔਸ ਭੋਰੇ ਵਿੱਚ, ਇਕ ਹੋਰ ਵੀ ਹੈ ਵੱਸਦਾ।
ਪੰਝੀ-ਛੱਬੀ ਸਾਲਾਂ ਤੋਂ, ਉਹ ਅੰਦਰੇ ਹੀ ਰਹਿੰਦਾ ਏ
ਹਰ ਇਕ ਬੰਦਾ ਉਹਨੂੰ, ਤੇਗਾ-ਤੇਗਾ ਕਹਿੰਦਾ ਏ।
ਕਿਸੇ ਨਾਲ ਬੋਲਦਾ, ਨਾ ਕਿਸੇ ਨਾਲ ਹੱਸਦਾ
ਦਿਲ ਵਾਲਾ ਭੇਤ ਵੀ, ਉਹ ਕਿਸੇ ਨੂੰ ਨਹੀਂ ਦੱਸਦਾ।
ਛੱਬੀ ਸਾਲ ਹੋਏ ਨੇ, ਸਮਾਧੀ ਉਸ ਲਾਈ ਏ
ਕਹਿੰਦੇ ਰੱਬੀ ਰੂਪ ਉਹਦਾ, ਮੁਖੜਾ ਇਲਾਹੀ ਏ।
ਸੁਣ-ਸੁਣ ਗੱਲਾਂ, ਗੱਲ ਸ਼ਾਹ ਨੇ ਵਿਚਾਰੀ ਏ
ਭੋਰੇ ਕੋਲ ਜਾ ਕੇ, ਆਵਾਜ਼ ਉਹਨੇ ਮਾਰੀ ਏ।
ਬੂਹਾ ਖੜਕਾਇਆ ਨਾਲੇ, ਹੌਲੀ-ਹੌਲੀ ਬੋਲਿਆ
ਥੋੜ੍ਹੀ ਦੇਰ ਪਿੱਛੋਂ ਕੁੰਡਾ, ਅੰਦਰੋਂ ਸੀ ਖੋਲਿਆ।
ਵੇਖਿਆ ਇਲਾਹੀ ਉਸ, ਜਲਵਾ ਹਜ਼ੂਰ ਦਾ
ਮੂਸਾ ਤਾਂਈ ਲੱਭਾ ਜੇਵੇਂ, ਨੂਰ ਕੋਹਿਨੂਰ ਦਾ।
ਕਰ-ਕਰ ਦੀਦ ਨਾਲੇ, ਠਰੀ ਜਾਣ ਅੱਖੀਆਂ।
ਪਹਿਲਾਂ ਵਾਂਗੂ ਪੰਜ ਮੋਹਰਾਂ, ਚਰਨਾਂ 'ਤੇ ਰੱਖੀਆਂ।
ਬੋਲੇ ਗੁਰੂ ਦੇਵ, 'ਬੱਲੇ ਸ਼ਾਹ ਮੱਖਣਾ'
ਕਿੰਨੀ ਦੇਰ ਹੋਰ ਤੂੰ, ਉਧਾਰ ਸਾਡਾ ਰੱਖਣਾ।
ਥੋੜ੍ਹਾ ਸੀ ਜੇ ਹੌਂਸਲਾ, ਤੇ ਭਾਰ ਨਹੀਂ ਸੀ ਚੁੱਕਣਾ
ਸ਼ੇਖੀ ਵਿੱਚ ਆ ਕੇ ਕਾਹਨੂੰ, ਸੁੱਖੀਆਂ ਸੀ ਸੁੱਖਣਾ।
ਡੁੱਬਣਾ ਸੀ ਬੇੜਾ ਜਦੋਂ, ਪਾਈ ਹਾਲ-ਪਾਹਰਿਆ
ਚੰਨਾਂ ਤੇਰਾ ਦੁੱਖ ਸਾਥੋਂ, ਗਿਆ ਨਾ ਸਹਾਰਿਆ।
ਕਾਹਦਾ ਇਤਬਾਰ ਤੇਰੀ, ਕਿੱਦਾਂ ਦੀ ਜ਼ੁਬਾਨ ਏ
ਮੋਢੇ ਉੱਤੇ ਹਾਂਲੀ ਸਾਡੇ, ਕਿੱਲਾਂ ਤੇ ਨਿਸ਼ਾਨ ਏ।
ਗੱਲ ਸੁਣ ਸ਼ਾਹ ਦੀਆਂ, ਵੱਸ ਪਈਆਂ ਅੱਖੀਆਂ
ਮੌਲ ਪਈਆਂ ਸੱਧਰਾਂ ਜੋ, ਦਿਲ ਵਿਚ ਰੱਖੀਆਂ।
ਮਿੱਟ ਗਈ ਧੁੰਦ ਦਿਲ, ਨੂਰੋ-ਨੂਰ ਹੋ ਗਿਆ
ਛਾਲ ਮਾਰ ਸ਼ਾਹ ਝੱਟ, ਭੋਰੇ 'ਤੇ ਖਲੋ ਗਿਆ।
ਭੋਰੇ 'ਤੇ ਖਲੋ ਕੇ ਉਸ, ਨਾਹਰਾ ਇਕ ਮਾਰਿਆ
"ਸੱਚਾ ਗੁਰੂ ਲਾਧੋ, ਗੁਰੂ ਲਾਧੋ ਰੇ" ਪੁਕਾਰਿਆ।
ਗੁੱਸੇ ਵਿੱਚ ਆਣ ਕੇ, ਮਸੰਦਾਂ ਦੀਆਂ ਟੋਲੀਆਂ
ਗੁਰੂ ਦੇਵ ਉੱਤੇ ਸੀ, ਵਰ੍ਹਾਈਆਂ ਉਨ੍ਹਾਂ ਗੋਲੀਆਂ।
ਹੱਥ ਫੜ੍ਹ ਡਾਂਗਾਂ ਪਰ, ਸ਼ਾਹ ਦੀਆਂ ਸਾਥੀਆਂ
ਠੱਪ ਦਿੱਤੇ ਸਾਧ ਜੇਵੇਂ, ਥੱਪੀ ਦੀਆਂ ਪਾਥੀਆਂ।
ਥੋੜ੍ਹੀ ਦੇਰ ਪਹਿਲਾਂ ਜਿਹੜੇ, ਗੋਗੜਾਂ ਫਲਾਉਂਦੇ ਸੀ
ਸ਼ੀਹੋਂ ਸ਼ੂਹੇ ਉੱਥੇ ਕੋਈ, ਨਜ਼ਰੀ ਨਾ ਆਉਂਦੇ ਸੀ।
ਪਿੰਡ 'ਚੋਂ ਪਾਖੰਡ ਵਾਲਾ, ਨ੍ਹੇਰਾ ਦੂਰ ਹੋ ਗਿਆ
ਚੜ੍ਹ ਪਿਆ ਚੰਨ੍ਹ ਜੱਗ, ਨੂਰੋ-ਨੂਰ ਹੋ ਗਿਆ।
ਚਾਵਾਂ ਵਿੱਚ ਕੀਤਾ ਕਾਇਨਾਤ ਨੇ ਸ਼ਿੰਗਾਰ ਹੈ
'ਚਮਨ' ਦਿਆਂ ਫੁੱਲਾਂ ਉੱਤੇ, ਆ ਗਈ ਬਹਾਰ ਹੈ।

(ਉਪਰੋਕਤ ਕਵਿਤਾ ਚਮਨ ਹਰਗੋਬਿੰਦਪੁਰੀ ਦੀ ਸ਼ਰਧਾਂਜਲੀ ਵਜੋਂ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਨਿੱਘੀ ਯਾਦ ਵਿੱਚ ਨਿਮਰਤਾ ਸਹਿਤ ਪੇਸ਼ ਕੀਤੀ ਜਾਂਦੀ ਹੈ)

**ਜਨਰਲ ਸਕੱਤਰ**

*****

# ਬਾਬਾ ਬੁੱਢਾ ਜੀ ਜਨਮ ਦਿਵਸ 'ਤੇ ਵਿਸ਼ੇਸ਼



ਬਾਬਾ ਬੁਢਾ ਜੀ ਬੜੇ ਉੱਚੇ ਸੁਚੇ, ਕਰਨੀ ਵਾਲੇ ਪ੍ਰਸਿਧ, ਗੁਰਸਿੱਖ ਹੋਏ ਹਨ। ਉਨ੍ਹਾਂ ਨੇ ਗੁਰਸਿੱਖੀ ਦਾ ਉਪਦੇਸ ਸ੍ਰੀ ਗੁਰੂ ਨਾਨਕ ਦੇਵ ਜੀ ਲਿਆ ਅਤੇ ਛੇਵੀਂ ਪਾਤਿਸ਼ਾਹੀ ਦੇ ਸਮੇਂ ਤੀਕ ਗੁਰਸਿੱਖੀ ਦਾ ਨਮੂਨਾ ਬਣ ਕੇ ਜੀਵਨ ਬਤੀਤ ਕੀਤਾ।

ਬਾਬਾ ਜੀ ਦਾ ਜਨਮ ਸੁਘੇ ਰੰਧਾਵੇ ਜਟ ਦੇ ਘਰ ਗੌਰਾਂ ਦੀ ਕੁੱਖ ਤੋਂ ਕਤਕ ਸੰਮਤ ੧੫੬੩ ਨੂੰ ਕੱਥੂ ਨੰਗਲ, ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਬੂੜਾ ਰੱਖਣ, ਮਗਰੋਂ ਗੁਰੂ ਨਾਨਕ ਦੇਵ ਜੀ ਦੇ ਬਚਨ ਜਬ ਉਨ੍ਹਾਂ ਦਾ ਨਾਂ ਬੁਢਾ ਜੀ ਪੈ ਗਿਆ। ਬੂੜਾ ਜੀ ਦੇ ਜਨਮ ਤੋਂ ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਆ ਵੱਸੇ।

ਆਪ ਯਾਰ੍ਹਾਂ ਬਾਰ੍ਹਾਂ-ਵਰ੍ਹਿਆਂ ਦੇ ਸਨ, ਤਦ ਗੁਰੂ ਨਾਨਕ ਦੇਵ ਜੀ ਫਿਰਦੇ ਫਿਰਾਦੇਂ ਅਤੇ ਸਤਿਨਾਮੁ ਦੇ ਗੱਫੇ ਵਰਤਾਂਦੇ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਵੀ ਮੱਝਾਂ ਚਾਰਦੇ ਓਥੇ ਆ ਗਏ। ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਿਆ। ਉਨ੍ਹਾਂ ਦੇ ਮਨ ਵਿੱਚ ਅਜਿਹੀ ਰੀਝ ਪੈਦਾ ਹੋ ਗਈ ਕਿ ਉਹ ਰੋਜ਼ ਨੇਮ ਨਾਲ ਗੁਰੂ ਜੀ ਪਾਸ ਆ ਬਿਹਾ ਕਰਨ ਅਤੇ ਕਿੰਨਾ ਕਿੰਨਾ ਚਿਰ ਟਿਕ ਬੈਠ ਕੇ ਉਨ੍ਹਾਂ ਦੇ ਦਰਸ਼ਨ ਕਰਦੇ ਤੇ ਕੰਨ ਲਾ ਕੇ ਬਚਨ ਸੁਣਦੇ ਰਿਹਾ ਕਰਨ। ਨਾਲ ਹੀ ਉਹ ਗੁਰੂ ਜੀ ਵਾਸਤੇ ਦੁੱਧ ਲਿਆ ਕੇ ਬੜੇ ਪ੍ਰੇਮੀ ਨਾਲ ਭੇਟ ਕਰਿਆ ਕਰਨ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**


ਇਕ ਦਿਨ ਗੁਰੂ ਜੀ ਨੇ ਉਹਨਾਂ ਨੂੰ ਕਿਹਾ, 'ਕਾਕਾ ਤੇਰਾ ਕੀ ਨਾਂ ਹੈ? ਤੂੰ ਕੀ ਕੰਮ ਕਰਦਾ ਹੁੰਦਾ ਏਂ?'

**ਬੂੜਾ ਜੀ-** ਸੱਚੇ ਪਾਤਸ਼ਾਹ, ਮੈਂ ਰਮਦਾਸ ਵਿੱਚ ਰਹਿਣ ਵਾਲੇ ਇੱਕ ਜੱਟ ਦਾ ਪੁੱਤ ਹਾਂ। ਮਾਪਿਆਂ ਨੇ ਮੇਰਾ ਨਾਮ ਬੂੜਾ ਰੱਖਿਆ ਹੈ, ਮੈਂ ਮੱਝਾਂ ਚਾਰਿਆ ਕਰਦਾ ਹਾਂ।

**ਗੁਰੂ ਜੀ-**ਤੂੰ ਕੀ ਇੱਛਾ ਧਾਰ ਕੇ ਸਾਡੇ ਪਾਸ ਆਉਂਦਾ ਹੈ? ਤੂੰ ਕੀ ਚਾਹੁੰਦਾ ਹੈ?

**ਬੂੜਾ ਜੀ-** ਸੱਚੇ ਪਾਤਸ਼ਾਹ! ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁਖ ਤੇ ਡਰ ਤੋਂ ਬਚਾਓ, ਇਸ ਚੁਰਾਸੀ ਦੇ ਗੇੜ ਵਿੱਚੋਂ ਕੱਢੋ, ਮੁਕਤੀ ਬਖਸ਼ੋ।

**ਗੁਰੂ ਜੀ-** ਕਾਕਾ! ਤੇਰੀ ਤੇ ਹਾਲਾਂ ਖੇਡਣ-ਮੱਲ੍ਹਣ, ਖਾਣ-ਹਡਾਉਣ ਦੀ ਉਮਰ ਹੈ। ਤੈਨੂੰ ਮੌਤ ਤੇ ਮੁਕਤੀ ਦੇ ਖਿਆਲਾਂ ਨੇ ਕਿਵੇਂ ਆ ਫੜਿਆ? ਵੱਡਾ ਹੋਵੇਂਗਾ ਤਾਂ ਇਹ ਗੱਲਾਂ ਕਰੀਂ।


**ਬੂੜਾ ਜੀ** - ਮਹਾਰਾਜ ਜੀ! ਮੌਤ ਦਾ ਕੀ ਵਸਾਹ? ਕੀ ਪਤਾ ਕਦੋਂ ਆ ਝੱਫੇ! ਖਬਰੇ ਵੱਡਾ ਹੋਵਾਂ ਕਿ ਨਾ ਹੀ ਹੋਵਾਂ।

**ਗੁਰੂ ਜੀ-** ਤੈਨੂੰ ਇੰਨੀ ਛੋਟੀ ਉਮਰੇ ਇਹ ਸੋਚ ਕਿਵੇਂ ਫੁਰੀ, ਕਾਕਾ ਬੂੜਿਆ।

**ਬੂੜਾ ਜੀ-** ਮਹਾਰਾਜ ਜੀ, ਉਹ ਇਉਂ! ਕੁਝ ਚਿਰ ਹੋਇਆ, ਪਠਾਣ ਸਾਡੇ ਪਿੰਡ ਪਾਸ ਦੀ ਲੰਘੇ, ਉਹ ਬਦੋ ਬਦੀ ਸਾਡੀਆਂ ਫਸਲਾਂ ਵੱਢ ਕੇ ਲੈ ਗਏ- ਪੱਕੀਆਂ ਵੀ ਕੱਚੀਆਂ ਵੀ, ਤੇ ਅੱਧ ਪੱਕੀਆਂ ਵੀ। ਓਦੋ ਤੋਂ ਮੈਨੂੰ ਘੜੀ ਮੁੜੀ ਖਿਆਲ ਆਉਂਦਾ ਹੈ ਕਿ ਜਿਵੇਂ ਪਠਾਣ ਕੱਚੀਆਂ ਪੱਕੀਆਂ ਫਸਲਾਂ, ਵੱਢ ਕੇ ਲੈ ਗਏ ਹਨ ਤਿਵੇਂ ਹੀ ਮੌਤ ਵੀ ਬੱਚੇ, ਗਭਰੂ ਅਧਖੜ, ਬੁਢੇ ਨੂੰ ਜਦੋਂ ਜੀ ਕਰੇ ਆ ਨਪੇਗੀ। ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇ? ਇਸ ਕਰਕੇ ਮੈਂ ਮੌਤ ਤੋਂ ਡਰਦਾ ਹਾਂ। ਤੁਹਾਡੇ ਪਾਸ ਇਹ ਆਸ ਧਾਰ ਕੇ ਆਉਂਦਾ ਹਾਂ ਕਿ ਤੁਸੀਂ ਮੇਰਾ ਇਹ ਡਰ ਦੂਰ ਕਰੋਗੇ।

ਗੁਰੂ ਜੀ ਹੱਸ ਪਏ ਅਤੇ ਕਹਿਣ ਲਗੇ, 'ਤੂੰ ਹੈ ਤਾਂ ਬੱਚਾ, ਪਰ ਗੱਲਾਂ ਬੁਢਿਆਂ ਵਾਲੀਆਂ ਕਰਦਾ ਹੈ। ਤੂੰ ਬੱਚਾ ਨਹੀਂ, ਤੂੰ ਬੁਢਾ ਹੈ। ਤਕੜਾ ਹੋ, ਬੁਢੇ ਬਾਲਕਾ! ਰੱਬ ਮੌਤ ਨਾਲੋਂ ਕਿਤੇ ਵਧੇਰੇ ਵੱਡਾ ਤੇ ਬਲਵਾਨ ਹੈ। ਜੇ ਤੂੰ ਉਸ ਦਾ ਹੋ ਜਾਵੇਂ, ਤਾਂ ਮੌਤ ਤੈਨੂੰ ਡਰਾ ਨਾ ਸਕੇਗੀ, ਉਹ ਤੈਥੋਂ ਡਰਨ ਲਗ ਪਵੇਗੀ, ਤੂੰ ਅਮਰ ਹੋ ਜਾਵੇਂਗਾ, ਜਨਮ ਮਰਨ ਦੇ ਗੇੜ ਤੋਂ ਛੁਟ ਜਾਵੇਂਗਾ। ਰੱਬ ਨੂੰ ਹਰ ਵੇਲੇ ਚੇਤੇ ਰਖਿਆ ਕਰ, ਉਸ ਦਾ ਨਾਮ ਜਪਿਆ ਕਰ, ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ, ਉਨ੍ਹਾਂ ਦੀ ਪਿਆਰ ਨਾਲ ਸੇਵਾ ਕਰਿਆ ਕਰ, ਜੋ ਤੇਰੇ ਹਿਰਦੇ ਵਿਚ ਰੱਬ ਦਾ ਡਰ ਭਰ ਜਾਵੇ, ਤੂੰ ਉਸ ਨੂੰ ਖੁਸ਼ ਕਰਨ ਦੇ ਜਤਨ ਕਰਦਾ ਰਹੇਂ, ਤਾਂ ਤੇਰੇ ਮਨ ਵਿੱਚ ਰੱਬ ਲਈ ਪਿਆਰ ਪੈਦਾ ਹੋ ਪਵੇ, ਫੇਰ ਮੌਤ ਦਾ ਵੀ ਤੇ ਹੋਰ ਸਭੇ ਡਰ ਵੀ ਮਿਟ ਜਾਣ, ਤੈਨੂੰ ਮੁਕਤੀ ਮਿਲ ਜਾਵੇਗੀ।

ਉਸ ਦਿਨ ਤੋਂ ਬੂੜਾ ਜੀ ਦਾ ਨਾਂ 'ਬੁਢਾ' ਜੀ ਪੈ ਗਿਆ। ਸਿੱਖ ਉਨ੍ਹਾਂ ਨੂੰ ਸਤਕਾਰ ਨਾਲ ਬਾਬਾ ਬੁਢਾ ਜੀ ਆਖਦੇ ਹਨ। ਬੁਢਾ ਜੀ ਨੇ ਸਿੱਖੀ ਧਾਰਨ ਕੀਤੀ ਉਹ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ। ਉਹ ਘਰ-ਬਾਰ ਛੱਡ ਕੇ ਗੁਰੂ ਜੀ ਦੇ ਦਰਬਾਰੇ ਰਹਿਣ ਲੱਗ ਪਏ। ਸਾਰਾ ਦਿਨ ਸੰਗਤਾਂ ਦੀ ਸੇਵਾ ਟਹਿਲ ਕਰਦੇ, ਖੇਤਾਂ ਵਿਚ ਜਾ ਕੇ ਖੇਤੀ ਬਾੜੀ ਦਾ ਕੰਮ ਨਿਬਾਹੁੰਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ' ਕਿਰਤ ਕਰਨ ਤੇ ਵੰਡ ਕੇ ਛਕਣ ਦੇ ਉਪਦੇਸ਼ ਨੂੰ ਕਮਾ ਕੇ ਵਿਖਾਇਆ। ਸੰਗਤਾਂ ਆਪ ਨੂੰ ਸਤਕਾਰ ਨਾਲ 'ਬਾਬਾ ਜੀ' ਆਖਣ ਲੱਗ ਪਈਆਂ।



ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਉਪਰ ਬਹੁਤ ਪਰਸੰਨ ਸਨ, ਇੰਨੇ ਪ੍ਰਸੰਨ ਕਿ ਜਦੋਂ ਆਪ ਨੇ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੌਂਪੀਂ, ਤਾਂ ਉਨ੍ਹਾਂ ਨੂੰ ਗੁਰਿਆਈ ਦੀ ਰਸਮ ਆਪ ਨੇ ਬਾਬਾ ਬੁਢਾ ਜੀ ਪਾਸੋਂ ਅਦਾ ਕਰਵਾਈ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁਢਾ ਜੀ ਹੀ ਅਦਾ ਕਰਦੇ ਰਹੇ।

ਭਗਤੀ ਕਮਾਈ ਦਾ ਸਦਕਾ ਬਾਬਾ ਜੀ ਨੇ ਆਤਮਿਕ ਉੱਚਤਾ ਪਰਾਪਤ ਕੀਤੀ। ਸਿਖ ਸੰਗਤਾਂ ਵਿਚ ਉਹਨਾਂ ਦਾ ਖਾਸ ਸਤਿਕਾਰ ਹੋਣ ਲੱਗ ਪਿਆ। ਜਦ ਪਹਿਲੀ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਮਗਰੋਂ ਵੀ ਸ੍ਰੀ ਗੁਰੂ ਅੰਗਦ ਦੇਵ ਗੁਪਤ-ਵਾਸ ਵਿੱਚ ਹੀ ਰਹੇ ਅਤੇ ਆਪ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਿਖ ਆਪ ਨੂੰ ਲਭ ਨਾ ਸਕੇ, ਤਾਂ ਮੁਖੀ ਸਿਖ ਬਾਬਾ ਬੁਢਾ ਜੀ ਪਾਸ ਪਹੁੰਚੇ, ਜੋ ਉਸ ਵੇਲੇ ਆਪਣੇ ਪਿੰਡ ਰਮਦਾਸ ਰਹਿੰਦੇ ਸਨ, ਅਤੇ ਬੇਨਤੀ ਕੀਤੀ ਕਿ ਆਪਣੀ ਆਤਮਕ ਸ਼ਕਤੀ ਵਰਤ ਕੇ ਪਤਾ ਕਰੋ ਕਿ ਗੁਰੂ ਜੀ ਕਿੱਥੇ ਹਨ ਅਤੇ ਫਿਰ ਉਨ੍ਹਾਂ ਨੂੰ ਪਰਗਟ ਹੋ ਕੇ ਦਰਸ਼ਨ ਦੇਣ ਲਈ ਪ੍ਰੇਰੋ। ਬਾਬਾ ਬੁਢਾ ਜੀ ਨੇ ਰਾਤ ਦੀ ਇਕਾਂਤ ਸਮੇਂ ਪਾਠ ਕਰ ਕੇ, ਗੁਰੂ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ। ਉਨ੍ਹਾਂ ਨੂੰ ਖਡੂਰ ਸਾਹਿਬ ਦੀ ਮਾਈ ਨਿਭਾਈ ਦੇ ਘਰ ਬਿਰਾਜ਼ ਰਹੇ ਗੁਰੂ ਜੀ ਦੇ ਦਰਸ਼ਨ ਹੋਏ। ਅਗਲੀ ਸਵੇਰ ਉਹ ਖਡੂਰ ਸਾਹਿਬ ਗਏ ਅਤੇ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਾਏ।

ਇਸੇ ਤਰ੍ਹਾਂ ਜਦ ਤੀਜੇ ਸਤਿਗੁਰੂ, ਦਾਤੂ ਦੇ ਕ੍ਰੋਧ ਤੇ ਈਰਖਾ ਕਰਨ ਕਰਕੇ ਬਾਸਰਕੇ ਜਾ ਕੇ ਗੁਪਤ ਹੋ ਬੈਠੇ ਸਨ, ਤਾਂ ਵੀ ਸੰਗਤਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਲਭੋ ਤੇ ਪ੍ਰਗਟ ਕਰੋ। ਜਿਸ ਕੋਠੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਬੈਠੇ ਸਨ, ਉਸ ਦੀ ਕੰਧ ਨੂੰ ਸਨ੍ਹ ਲਾ ਕੇ ਬਾਬਾ ਜੀ ਨੇ ਆਪ ਨੂੰ ਪ੍ਰੇਰਿਆ ਕਿ ਸੰਗਤਾਂ ਨੂੰ ਦਰਸ਼ਨ ਦਿਓ।

ਜਦ ਪੰਚਮ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਤਿਆਰੀ ਅਰੰਭੀ ਤਾਂ ਬਾਬਾ ਜੀ ਇਸ ਸਵਾ ਦੇ ਮੋਢੀ ਪ੍ਰਬੰਧਕ ਬਣੇ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਤ ਉਤਰ-ਪੂਰਬ ਦੀ ਬਾਹੀ ਵਲ 'ਬਾਬਾ ਬੁਢਾ ਜੀ' ਦੀ ਬੇਰੀ ਹੁਣ ਤੀਕ ਮੌਜੂਦ ਹੈ। ਇਸੇ ਬੇਰੀ ਹੇਠ ਬਹਿ ਕੇ ਉਹ ਸੰਗਤਾਂ ਪਾਸੋਂ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ। ਉਹ ਹੱਥੀ ਸੇਵਾ ਵੀ ਕਰਦੇ ਸਨ। ਸੰਗਤਾਂ ਨੂੰ ਕਹੀਆਂ, ਟੋਕਰੀਆਂ ਤੇ ਹੋਰ ਸਮਿਆਨ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਿਆ ਕਰਦੇ ਸਨ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਝਬਾਲ ਦੇ ਪਾਸ ਕਾਫੀ ਸਾਰੀ ਭੋਂ ਗੁਰੂ ਜੀ ਨੂੰ ਭੇਟ ਹੋਈ ਸੀ। ਏਥੇ ਗੁਰੂ ਸਾਹਿਬਾਂ ਦਾ ਮਾਲ ਡੰਗਰ ਚਰਿਆ ਕਰਦਾ ਸੀ। ਇਸ ਨੂੰ ਬੀੜ ਆਖਦੇ ਸਨ। ਇਸ ਬੀੜ ਦੀ ਤੇ ਇਸ ਵਿਚਲੇ ਮਾਲ ਡੰਗਰ ਦੀ ਸੰਭਾਲ ਬਾਬਾ ਬੁਢਾ ਜੀ ਨੂੰ ਸੌਂਪੀ ਗਈ। ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਇਸ ਬੀੜ ਵਿੱਚ ਗੁਰੂ ਘਰ ਦੀ ਸੇਵਾ ਕਰਦਿਆਂ ਗੁਜਾਰਿਆ। ਇਸ ਬੀੜ ਦਾ ਨਾਂ, ਬਾਬਾ ਬੁਢਾ ਜੀ ਦੀ ਬੀੜ ਜਾਂ ਬਾਬੇ ਦੀ ਬੀੜ ਪੈ ਗਿਆ। ਏਥੇ ਇਸ ਨਾਂ ਦਾ ਇਤਿਹਾਸਕ ਗੁਰਦੁਆਰਾ ਹੈ।

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਿਆਸ ਦੇ ਕੰਢੇ ਉੱਤੇ ਸ੍ਰੀ ਗੁਰੂ ਅਰਜਨ ਦੇਵ ਦੇ ਵਸਾਏ ਨਗਰ ਸ੍ਰੀ ਹਰਿਗੋਬਿੰਦ ਪੁਰ ਵਿਚ ਜਾ ਟਿਕੇ ਅਤੇ ਓਥੇ ਉਨ੍ਹਾਂ ਨੂੰ ਜੰਗ ਕਰਨਾ ਪਿਆ, ਤਾਂ ਬਾਬਾ ਬੁਢਾ ਜੀ ਆਪ ਦੇ ਦਰਸ਼ਨਾਂ ਲਈ ਸ੍ਰੀ ਹਰਿਗੋਬਿੰਦ ਪੁਰ ਗਏ। ਉੱਥੇ ਉਨ੍ਹਾਨੇਂ ਬੇਨਤੀ ਕੀਤੀ ਹੁਣ ਮੈਂ ਬਹੁਤ ਬਿਰਧ ਹੋ ਗਿਆ ਹਾਂ। ਬੀੜ ਦੀ ਸੇਵਾ ਤੋਂ ਛੁੱਟੀ ਬਖਸ਼ੋਂ ਅਤੇ ਆਗਿਆ ਕਰੋ ਕਿ ਮੈਂ ਆਪਣੇ ਪਿੰਡ ਰਮਦਾਸ ਜਾ ਕੇ ਭਜਨ ਬੰਦਗੀ ਕਰਦਾ ਉਮਰ ਦੇ ਅਖ਼ੀਰੀ ਦਿਨ ਬਿਤਾਵਾਂ। ਨਾਲ ਹੀ ਬਚਨ ਦਿਓ ਕਿ ਜਦੋਂ ਮੈਂ ਦਰਸ਼ਨਾਂ ਲਈ ਅਰਦਾਸ ਕਰਾਂ, ਆਪ ਨੇ ਜ਼ਰੂਰ ਬਹੁੜਨਾ।"

ਗੁਰੂ ਜੀ ਦੀ ਆਗਿਆ ਲੈ ਕੇ ਬਾਬਾ ਜੀ ਰਮਦਾਸ ਜਾ ਟਿਕੇ ਅਤੇ ਭਜਨ ਬੰਦਗੀ ਵਿੱਚ ਰੁਝ ਗਏ। ਅੰਤ ਨੂੰ ਉਨ੍ਹਾਂ ਨੇ ਪਰਤੀਤ ਕੀਤਾ ਕਿ ਸਾਡੀ ਸਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਇੱਕ-ਮਨ ਹੋ ਕੇ ਗੁਰੂ ਜੀ ਨੂੰ ਧਿਆਇਆ ਤੇ ਦਰਸ਼ਨਾਂ ਲਈ ਬੇਨਤੀ ਕੀਤੀ। ਗੁਰੂ ਜੀ ਝਟ ਆ ਬਹੁੜੇ। ਉਨ੍ਹਾਂ ਦੇ ਦਰਸ਼ਨ ਕਰ ਕੇ, ਅਸੀਸ ਲੈ ਕੇ, ਬਾਬਾ ਜੀ ੧੪ ਮੱਘਰ ਸੰਮਤ ੧੬੮੮ ਨੂੰ ਸਚਖੰਡ ਨੂੰ ਪਧਾਰ ਗਏ। ਉਨ੍ਹਾਂ ਦੀ ਉਮਰ ਉਸ ਵੇਲੇ ਸਵਾ ਸੌ ਸਾਲ ਤੋਂ ਵੱਧ ਸੀ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਦਰਸ਼ਨ ਤੇ ਪ੍ਰਭਾਵ

ਆਪ ਜੀ ਨੇ ਮੁਰਾਲੇ ਡੇਰੇ ਪੁੱਜ ਕੇ ਸਭ ਤੋਂ ਪਹਿਲਾਂ ਮਹਾਂਪੁਰਖ, ਮਹਾਨ ਤਪੱਸਵੀ, ਨਾਮਬਾਣੀ ਦੇ ਰਸੀਏ, ਮਹਾਨ ਵਿਦਵਾਨ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਬੜੇ ਸਤਿਕਾਰ ਨਾਲ ਨਮਸਕਾਰ ਕੀਤੀ। ਮਹਾਂਪੁਰਖਾਂ ਨੇ ਇਨ੍ਹਾਂ ਵੱਲ ਨਜ਼ਰ ਭਰ ਕੇ ਦੇਖਿਆ ਤੇ ਪੁੱਛਿਆ – ਕਾਕਾ ਕਿਥੋਂ ਆਇਆ ਹੈਂ? ਆਪ ਜੀ ਨੇ ਬੜੀ ਅਧੀਨਗੀ ਨਾਲ ਉੱਤਰ ਦਿੱਤਾ – ਮਹਾਰਾਜਾ ਇਥੋਂ ਨੌਂ ਦਸ ਕੋਹ ਪਿੰਡ ਖੋਜ਼ੀ ਹੈ, ਉਥੋਂ ਆਇਆ ਹਾਂ। ਪ੍ਰਸ਼ਾਦ ਛਕਿਆ ਹੈ? ਜੀ ਨਹੀਂ। ਜਾਉ ਲੰਗਰ ਵਿਚ ਜਾ ਕੇ ਪ੍ਰਸ਼ਾਦ ਛਕੋ। ਆਪ ਨੇ ਲੰਗਰ ਵਿਚ ਜਾ ਕੇ ਪ੍ਰਸ਼ਾਦਾ ਛਕਿਆ। ਆਪ ਦੋ ਚਾਰ ਦਿਨ ਇਥੇ ਠਹਿਰੇ, ਮਹਾਂਪੁਰਖਾਂ ਦੇ ਦਰਸ਼ਨ ਕੀਤੇ, ਕਥਾ ਕੀਰਤਨ ਦਾ ਲਾਭ ਉਠਾਉਂਦੇ ਤੇ ਸੇਵਾ ਕਰਦੇ ਰਹੇ। ਆਪ ਦਾ ਮਹਾਂਪੁਰਖਾਂ ਦੇ ਦਰਸ਼ਨ ਕਰਕੇ ਤੇ ਡੇਰੇ ਦਾ ਧਾਰਮਿਕ ਵਾਤਾਵਰਣ ਦੇਖ ਕੇ ਮਨ ਖਿਚਿਆ ਗਿਆ। ਆਪ ਚਾਹੁੰਦੇ ਤਾਂ ਸਨ ਕਿ ਹੁਣ ਇਥੇ ਹੀ ਠਹਿਰ ਜਾਵਾਂ, ਪਰ ਭਾਈ ਰਾਮ ਸਿੰਘ ਜੀ ਦੇ ਨਾਲ ਕੀਤੇ ਬਚਨ ਅਨੁਸਾਰ ਉਨ੍ਹਾਂ ਦੇ ਨਾਲ ਆਪ ਯੂ.ਪੀ. ਚਲੇ ਗਏ। ਦੋ ਕੁ ਮਹੀਨੇ ਉਪਰੰਤ ਆਪ ਜੀ ਵਾਪਸ ਆ ਗਏ ਤੇ ਮੁਰਾਲੇ ਡੇਰੇ ਦੇ ਵਿਚ ਹੀ ਟਿਕ ਗਏ।

## ਡੇਰੇ ਵਿਚ ਰਹਿਣ ਤੇ ਆਪ ਜੀ ਦਾ ਨਿੱਤ ਦਾ ਪ੍ਰੋਗਰਾਮ

ਆਪ ਜੀ ਨੇ ਅੰਮ੍ਰਿਤ ਵੇਲੇ ਖੂਹ ਵਿੱਚੋਂ ਪਾਣੀ ਦੀਆਂ ਗਾਗਰਾਂ ਕੱਢ ਕੇ ਟੂਟੀਆਂ ਭਰਨੀਆਂ, ਇਨ੍ਹਾਂ ਟੂਟੀਆਂ ਵਿਚ 20 ਗਾਗਰਾਂ ਪਾਣੀ ਦੀਆਂ ਪੈਂਦੀਆਂ ਸਨ। ਸੰਤ ਬਾਬਾ ਬਿਸ਼ਨ ਸਿੰਘ ਜੀ ਅਤੇ ਹੋਰ ਮਹਾਂਪੁਰਖਾਂ ਦਾ ਇਸ਼ਨਾਨ ਕਰਾਉਣਾ। ਉਨ੍ਹਾਂ ਦੇ ਬਸਤਰ ਭੀ ਧੋਣੇ। ਉਪਰੰਤ ਆਪ ਇਸ਼ਨਾਨ ਕਰਕੇ ਸਿਮਰਨ ਕਰਨਾ, ਉਪਰੰਤ ਆਸਾ ਦੀ ਵਾਰ ਦਾ ਕੀਰਤਨ ਅਤੇ ਕਥਾ ਸੁਨਣੀ, ਉਪਰੰਤ ਲੰਗਰ ਦੀ ਸੇਵਾ ਕਰਨੀ ਤੇ ਡੇਰੇ ਵਿਚ ਝਾੜੂ ਆਦਿ ਕਰਨਾ। ਵਿਹਲੇ ਸਮੇਂ ਕੁਝ ਪੜ੍ਹਾਈ ਕਰਨੀ। ਲੰਗਰ ਛਕਾਉਣ ਦੀ ਸੇਵਾ ਅਤੇ ਸੰਗਤ ਦੇ ਜੂਠੇ ਭਾਂਡੇ ਮਾਂਜਣੇ। ਇਥੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰਨ ਦਾ ਬਹੁਤ ਉਤਸ਼ਾਹ ਸੀ। ਵੱਡੇ–ਵੱਡੇ ਭਜਨੀਕ ਮਹਾਂਪੁਰਖ ਭੀ ਬਰਤਨ ਮਾਂਜਣ ਦੀ ਸੇਵਾ ਕਰਦੇ ਸਨ।

**ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥**
**ਮਨ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥**

(ਪੰਨਾ ੬੪੪)

ਆਪ ਜੀ ਨੂੰ ਵਾਜੇ ਨਾਲ ਕੀਰਤਨ ਕਰਨ ਦਾ ਬਹੁਤ ਸ਼ੌਂਕ ਸੀ, ਪਰ ਡੇਰੇ ਵਿਚ ਕੋਈ ਵਾਜਾ ਸਿਖਾਉਣ ਵਾਲਾ ਨਹੀਂ ਸੀ। ਇਸ ਤਰ੍ਹਾਂ ਆਪ ਜੀ ਨੂੰ ਰਾਤ ਦਿਨ ਲਗਨ ਨਾਲ ਸੇਵਾ ਕਰਦਿਆਂ ਕਿਤਨਾ ਸਮਾਂ ਲੰਘ ਗਿਆ। ਸੰਤ ਬਾਬਾ ਬਿਸ਼ਨ ਸਿੰਘ ਜੀ ਇਨ੍ਹਾਂ ਨੂੰ ਸੇਵਾ ਕਰਦਿਆਂ ਵੇਖਦੇ ਅਤੇ ਬਹੁਤ ਪ੍ਰਸੰਨ ਹੁੰਦੇ। ਉਨ੍ਹਾਂ ਦਾ ਸੰਤ ਪ੍ਰੇਮ ਸਿੰਘ ਜੀ ਦੇ ਨਾਲ ਬਹੁਤ ਪਿਆਰ ਭੀ ਹੋ ਗਿਆ। ਉਹ ਆਪ ਚੱਕੀ ਨਾਲ ਕੁੱਝ ਆਟਾ ਪੀਂਹਦੇ। ਉਹ ਆਟਾ ਰੋਜ਼ ਕੜਾਹ ਪ੍ਰਸ਼ਾਦ ਦੀ ਦੇਗ, ਜੋ ਆਸਾ ਦੀ ਵਾਰ ਦੇ ਭੋਗ ਉਪਰੰਤ ਵਰਤਦੀ ਸੀ, ਉਸ ਵਿਚ ਪਾਇਆ ਜਾਂਦੀ ਸੀ। ਆਪ ਜੀ ਦੇ ਨਾਲ ਹੀ ਕਦੇ–ਕਦੇ ਸੰਤ ਪ੍ਰੇਮ ਸਿੰਘ ਜੀ ਵੀ ਚੱਕੀ ਨਾਲ ਆਟਾ ਪੀਹਣ ਲਈ ਚੱਕੀ ਵਾਲੇ ਕਮਰੇ ਵਿਚ ਵੜ ਜਾਂਦੇ ਤੇ ਚੱਕੀ ਨਾਲ ਦਾਣੇ ਪੀਂਹਦੇ। ਸੰਤ ਬਿਸ਼ਨ ਸਿੰਘ ਜੀ ਅਤਿ ਦੀ ਨਿਮਰਤਾ ਅਤੇ ਅਤਿ ਦੀ ਸੇਵਾ ਆਪ ਕਰਦੇ। ਸੰਤ ਪ੍ਰੇਮ ਸਿੰਘ ਜੀ ਨੂੰ ਵੀ ਉਸੇ ਮਾਰਗ ਤੇ ਚਲਾਉਣ ਦਾ ਆਪ ਯਤਨ ਕਰ ਰਹੇ ਸਨ। ਗੁਰਬਾਣੀ ਦੇ ਵਾਕ ਅਨੁਸਾਰ :

**ਸੂਹੀ ਮਹਲਾ ੫॥**
**ਪੀਸਨਿ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥**

(ਪੰਨਾ ੭੪੫)

ਇਹ ਗੱਲ ਭੀ ਆਮ ਪ੍ਰੇਮੀਆਂ ਦੇ ਮੂੰਹੋਂ ਸੁਣੀ ਕਿ ਭਜਨ ਸਿਮਰਨ ਦੇ ਪ੍ਰਤਾਪ ਨਾਲ ਮਹਾਂਪੁਰਖਾਂ ਦੀ ਚੱਕੀ ਬਿਨਾਂ ਚਲਾਏ ਆਪਣੇ ਆਪ ਹੀ ਚਲਦੀ ਸੀ। ਉਸ ਚੱਕੀ ਦੇ ਦਾਸ ਨੇ ਦਰਸ਼ਨ ਕੀਤੇ ਹਨ ਜਿਸ ਚੱਕੀ ਨਾਲ ਮਹਾਂਪੁਰਖ ਆਟਾ ਪੀਂਹਦੇ ਸਨ, ਉਹ ਮੁਰਾਲੇ ਇਕ ਕਮਰੇ ਵਿਚ ਯਾਦਗਾਰ ਵਜੋਂ ਰੱਖੀ ਹੋਈ ਸੀ।

*****

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋੜ ਦਿਵਸ ਤੇ ਦੀਪਮਾਲਾ ਦਾ ਇਤਿਹਾਸਕ ਪਿਛੋਕੜ

ਪ੍ਰਿੰ. ਸਤਿਬੀਰ ਸਿੰਘ (ਗੁਰਪੁਰਵਾਸੀ)



ਜਹਾਂਗੀਰ ਨੂੰ ਇਕ ਅੱਖ ਨਹੀਂ ਭਾਉਂਦਾ ਸੀ ਕਿ ਸ੍ਰੀ ਅਕਾਲ ਤਖ਼ਤ ਦੀ ਸਾਜਨਾ ਗੁਰੂ ਹਰਿਗੋਬਿੰਦ ਜੀ ਨੇ ਕਿਉਂ ਕੀਤੀ ਹੈ, ਦੋ ਤਲਵਾਰਾਂ ਕਿਉਂ ਧਾਰਨ ਕੀਤੀਆਂ ਹਨ, ਅੰਮ੍ਰਿਤਸਰ ਦੀ ਪਨਾਹ ਕਿਉਂ ਬਣਵਾਈ, ਲੋਹਗੜ੍ਹ ਕਿਉਂ ਸਿਰਜਿਆ ਅਤੇ ਤਖ਼ਤ ਤੇ ਬੈਠਣ ਵੇਲੇ ਇਹ ਹੁਕਮ ਕਿਉਂ ਜਾਰੀ ਕੀਤੇ ਕਿ – 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜੁਆਨੀ ਹੈ।'

ਪਹਿਲਾਂ ਆਦਰ ਨਾਲ ਆਗਰੇ ਬੁਲਾਇਆ ਅਤੇ ਫਿਰ ਆਗਰੇ ਪੁੱਜਣ 'ਤੇ ਹੀ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਕੇ ਗਵਾਲੀਅਰ ਬੰਦੀ ਬਣਾ ਦਿੱਤਾ ਗਿਆ। ਗਵਾਲੀਅਰ–ਕਿਲ੍ਹਾ, ਕਿਲ੍ਹਾ ਨਾ ਹੋ ਕੇ ਇਕ ਐਸੀ ਕੈਦ ਦੀ ਕੋਠੜੀ ਸੀ ਜਿੱਥੋਂ ਕੋਈ ਵਿਰਲਾ ਹੀ ਬਚ ਨਿਕਲਿਆ ਸੀ। ਪਹਿਲਾਂ ਗੁਰੂ ਜੀ ਨੂੰ ਜ਼ਹਿਰ ਭਰਿਆ ਚੋਲਾ ਪਹਿਨਾਉਣ ਦੀ ਕੋਸ਼ਿਸ਼ ਹੋਈ ਪਰ ਹਰਿਦਾਸ ਦਰੋਗਾ ਖਰੀਦਿਆ ਨਾ ਜਾ ਸਕਿਆ। ਹਰਿਦਾਸ ਨੇ ਸਗੋਂ ਗੁਰੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਬੜਾ ਮਾਰੂ ਹੱਲਾ ਦੋਖੀ ਕਰਨਾ ਚਾਹੁੰਦੇ ਹਨ। ਇਹ ਵੀ ਦਰੋਗੇ ਨੇ ਹੀ ਦੱਸਿਆ ਕਿ ਏਥੇ ਖਾਣੇ ਵਿਚ ਮਿੱਠਾ ਜ਼ਹਿਰ ਦਿੱਤਾ ਜਾਂਦਾ ਹੈ ਜਿਸ ਦੇ ਸੇਵਨ ਨਾਲ ਬੰਦਾ ਚੁੜ–ਚੁੜ ਕੇ ਮਰਦਾ ਹੈ। ਗੁਰੂ ਜੀ ਨੇ ਨਿਰਣਾ ਲੈ ਲਿਆ ਕਿ ਜੇਲ੍ਹ ਦਾ ਖਾਣਾ, ਖਾਣਾ ਹੀ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਅੱਠਵੇਂ ਅਧਿਆਏ ਅਨੁਸਾਰ –

**ਸ੍ਰੀ ਮੁਖ ਕਹਾ ਕਿਰਤਿ ਕਰਿ ਲਯਾਵੋ**
**ਸੋ ਭੋਜਨ ਹਮ ਕੌ ਕਰਵਾਵੋ ॥੪੮੫॥**

ਇਕ ਠਠਿਆਰ ਜੋ ਕਿ ਕਿਰਤ ਕਰਕੇ ਕਮਾਉਂਦਾ ਸੀ, ਉਸ ਦੀ ਕਮਾਈ ਨਾਲ ਤਿਆਰ ਕੀਤਾ ਪ੍ਰਸ਼ਾਦ ਗੁਰੂ ਜੀ ਖਾਂਦੇ –

**'ਜੋ ਕਿਛੁ ਰੋਜ਼ ਕਿਰਤਿ ਕਰਿ ਲਯਾਵੇ।**
**ਆਇ ਦਿਵਸੁ ਪ੍ਰਸਾਦਿ ਕਰਾਵੈ।...੪੮੮॥**

ਜੋ ਰੋਜ਼ਾਨਾ ਦਾ ਪੰਜ ਸੌ ਰੁਪਿਆ ਗੁਰੂ ਜੀ ਨੂੰ ਮਿਲਦਾ ਸੀ ਉਹ ਰਾਜਿਆਂ ਨੂੰ ਹੀ ਵੰਡ ਦਿੰਦੇ ਸਨ –

**ਰੁਪਯਾ ਪੰਜ ਸੈ ਸ਼ਾਹ ਪਠਾਵੈ।**
**ਸ੍ਰੀ ਗੁਰੂ ਭੋਜਨੁ ਤਿਹ ਕਰਾਵੈ ॥੪੮੩॥**

**ਦੋਹਰਾ -**

**ਬੰਦੀਖਾਨੇ ਜੋ ਪਰੇ ਤਿਨ ਕੋ ਦੇਤ ਖਵਾਇ।**
**ਅੰਗੀਕਾਰ ਨ ਗੁਰ ਕਰੈਂ ਐਸੇ ਨਿੱਤ ਕਰਾਇ ॥੪੮੪॥**

ਗੁਰੂ ਮਹਾਰਾਜ ਦੀ ਗ੍ਰਿਫਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗ ਪਈਆਂ। ਬਾਬਾ ਬੁੱਢਾ ਜੀ ਨੇ ਅਕਾਲ ਤਖ਼ਤ ਤੋਂ ਚੌਂਕੀ ਕੱਢਣ ਦੀ ਪਿਰਤ ਪਾਈ। ਕ੍ਰਿਪਾਨਾਂ ਧਾਰ ਤੇ ਮਸ਼ਾਲਾਂ ਹੱਥ ਲੈ, ਸੰਗਤਾਂ ਸ਼ਬਦ ਪੜ੍ਹਦੀਆਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਕਰਦੀਆਂ। ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਦਹਲੀਜ਼ ਤੋਂ ਬਾਹਰੋਂ ਹੀ ਮੁੜ ਜਾਂਦੀਆਂ। ਇਹ ਦਰਸਾਉਣ ਲਈ ਕਿ ਗੁਰੂ–ਪਾਤਸ਼ਾਹ ਦੇ ਦਰਸ਼ਨ ਨਾ ਹੋਣ ਕਾਰਨ ਵਿਆਕੁਲ ਹੋਏ ਹਾਂ। ਜਦ ਗੁਰੂ ਹਰਿਗੋਬਿੰਦ ਜੀ ਵਾਪਸ ਸ੍ਰੀ ਦਰਬਾਰ ਸਾਹਿਬ ਮੁੜੇ ਤਾਂ ਇਸ ਮਰਿਯਾਦਾ ਨੂੰ ਕਾਇਮ ਰੱਖਿਆ ਗਿਆ। ਅੱਜ ਵੀ ਜਦ ਚੌਂਕੀ ਅੰਦਰਲੀ

ਦਹਿਲੀਜ਼ 'ਤੇ ਪੁੱਜਦੀ ਹੈ ਤਾਂ ਬਾਬਾ ਬੁੱਢਾ ਜੀ ਅਤੇ ਚੌਕੀ ਸਾਹਿਬ ਦੇ ਆਦਰ ਵਜੋਂ ਦਰਬਾਰ ਸਾਹਿਬ ਲਈ ਕੀਰਤਨ ਕੁਝ ਮਿੰਟ ਰੋਕ ਦਿੱਤਾ ਜਾਂਦਾ ਹੈ। ਮਹਾਰਾਜ ਨੇ ਇਹ ਬਚਨ ਵੀ ਕੀਤਾ ਸੀ ਜੋ ਇਕ-ਮਨ-ਚਿੱਤ ਸ਼ਬਦ ਪੜ੍ਹੇਗਾ ਉਸਨੂੰ ਇਸ ਚੌਕੀ ਵਿਚੋਂ ਮੇਰੇ ਹੀ ਦੀਦਾਰ ਹੋਣਗੇ! ਇਹ ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਅਰਦਾਸ ਦਾ ਹਿੱਸਾ ਬਣ ਗਈਆਂ। ਪੰਜਾਬ ਵਿਚੋਂ ਕਈ ਥਾਵਾਂ ਨਗਰਾਂ ਤੋਂ ਹੋ ਕੇ ਚੌਕੀਆਂ ਗਵਾਲੀਅਰ ਪੁੱਜਦੀਆਂ। ਕਿਲ੍ਹੇ ਦੀ ਪ੍ਰਕਰਮਾਂ ਕਰਕੇ ਮੁੜਦੀਆਂ। ਭਾਈ ਜੇਠਾ ਜੀ ਰਾਤ ਆਗਰੇ ਦੇ ਕਿਲ੍ਹੇ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਜਹਾਂਗੀਰ ਨੂੰ ਡਰਾ ਤਕ ਆਏ ਸਨ। ਜਹਾਂਗੀਰ ਇਤਨਾ ਘਬਰਾਇਆ ਕਿ ਹਕੀਮਾਂ ਕੋਲੋਂ ਉਪਾਅ ਪੁੱਛੇ। ਵਜ਼ੀਰ ਖਾਨ ਤੇ ਮੀਆਂ ਮੀਰ ਨੇ ਜਾ ਸਮਝਾਇਆ ਕਿ ਅੱਗੇ ਗੁਰੂ ਅਰਜਨ-ਸਾਹਿਬ ਨੂੰ ਸ਼ਹੀਦ ਕਰ ਕੇ ਕਹਿਰ ਕਮਾਇਆ ਈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਵਿਚ ਰੱਖ ਕੇ ਨਾ ਕਮਾ -

**ਸ੍ਰੀ ਗੁਰੂ ਰੂਪ ਅਲਾਹੀ ਜਾਨ।...੫੨੧॥**

ਨੂਰ ਜਹਾਨ ਨੇ ਵੀ ਸਮਝਾਇਆ ਕਿ ਸਾਈਂ ਦੀ ਜ਼ਾਤ ਸਾਈਂ ਜੈਸੀ ਹੀ ਹੁੰਦੀ ਹੈ। ਜਹਾਂਗੀਰ ਨੇ ਇਕ ਮਨਸਬਦਾਰ ਰਾਹੀਂ ਰਿਹਾਈ ਦਾ ਹੁਕਮ ਭੇਜਿਆ। ਵਜ਼ੀਰ ਖ਼ਾਨ ਆਪੂੰ ਵੀ ਆਇਆ ਪਰ ਗੁਰੂ ਮਹਾਰਾਜ ਨੇ ਕਿਹਾ, ਸਾਡਾ ਮਨ ਇੱਥੇ ਵੀ ਪ੍ਰਭੂ ਨਾਲ ਹੀ ਲੱਗਾ ਹੋਇਆ ਹੈ:

**'ਕਹਾ ਗੁਰੂ ਮਨ ਲਾਗ ਅਭੇਵਾ।'**

ਪਰ ਇਤਨਾ ਜਹਾਂਗੀਰ ਨੂੰ ਆਖ ਦਿਓ ਕਿ ਅਸੀਂ ਤਦ ਹੀ ਰਿਹਾ ਹੋਵਾਂਗੇ ਜਦ ਬਾਕੀ ਬੇਦੋਸ਼ ਬੰਦੀ ਰਾਜੇ ਸਾਡੇ ਨਾਲ ਹੀ ਰਿਹਾ ਕੀਤੇ ਜਾਣਗੇ-

**ਸੁਨੋ ਵਜ਼ੀਰ ਤਬੈ ਹੌਂ ਜਾਵੌਂ।**
**ਜੋ ਬਾਂਧੇ ਸਭਿ ਜੀਵ ਛੁਡਾਵੌਂ॥੫੩੪॥**

**ਦੋਹਰਾ -**

**ਬੰਦੀ ਨ੍ਰਿਪ ਜੇਤੇ ਪਰੇ ਸਭ ਕੋ ਪ੍ਰਥਮ ਛਡਾਇ।**
**ਕਹੋ ਬਾਤ ਇਮ ਸ਼ਾਹ ਸੌਂ ਤੌਂ ਤੁਮਰੇ ਪਹਿ ਆਇ॥੫੩੫॥**

ਵਜ਼ੀਰ ਖਾਨ ਬਾਦਸ਼ਾਹ ਜਹਾਂਗੀਰ ਪਾਸ ਮੁੜ ਆਇਆ ਤੇ ਗਵਾਲੀਅਰ ਵਿਖੇ ਗੁਰੂ ਜੀ ਨਾਲ ਹੋਈ ਸਾਰੀ ਗੱਲ ਦੱਸੀ ਤਾਂ ਜਹਾਂਗੀਰ ਨੇ ਕਿਹਾ - ਸਾਰਿਆਂ ਨੂੰ ਛੱਡ ਦਿਓ ਪਰ ਗੁਰੂ ਜੀ ਦੀ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ -

**ਖਾਂ ਵਜ਼ੀਰ ਕੋ ਸ਼ਾਹ ਅਲਾਇ।**
**ਛੋਰ ਬੰਦਿ ਸਭਿ ਪੀਰ ਲਿਆਇ॥੫੪੦॥**

ਕਈ ਸਾਲਾਂ ਤੋਂ ਬੰਦੀ ਵਿਚ ਦੁੱਖ ਪਾਉਂਦੇ ਰਾਜੇ ਗੁਰੂ ਜੀ ਦਾ ਪੱਲਾ ਪਕੜ ਕੇ ਰਿਹਾ ਹੋਏ। ਗੁਰੂ ਜਿਹਾ ਕੌਣ ਪਰਉਪਕਾਰੀ ਹੈ ਜਿਸ ਉਤਨਾ ਚਿਰ ਰਿਹਾ ਹੋਣਾ ਨਾ ਮੰਨਿਆ ਜਦ ਤਕ ਬੰਦੀ ਰਾਜੇ ਰਿਹਾ ਨਾ ਹੋਏ!

**ਬਹੁ ਬਰਸਨ ਕੋ ਨ੍ਰਿਪ ਬੰਦਿ ਪਰੇ ਤਨ**
**ਛੀਨ ਮਲੀਨ ਮਹਾਂ ਸ਼੍ਰਮੁ ਧਾਰੇ।**
**ਗੁਰ ਕੇ ਪਦ ਪੰਕਜ ਦੇਖਤ ਹੀ ਅਘ**
**ਓਘ ਸਭੀ ਨਰ ਕੇ ਕਟਿ ਡਾਰੇ।**
**ਸਿੰਧੁਜਰਾ ਜਸੁ ਬੰਧ ਲੀਏ ਨ੍ਰਿਪ**
**ਰਾਮ ਕੇ ਭ੍ਰਾਤ ਸੁ ਕੀਨ ਉਧਾਰੇ।**
**ਤੈਸੇ ਗੁਰੂ ਨ੍ਰਿਪ ਛੋਰ ਦੀਏ ਗੁਰ ਕੇ**
**ਸਮ ਕੌਨੁ ਕਰੇ ਉਪਕਾਰੇ॥੫੪੬॥**

ਜਦ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਮਿਲੇ ਤਾਂ ਗੁਰੂ ਜੀ ਪਾਸ ਮਾਲਾ ਦੇਖ ਤੇ ਜਹਾਂਗੀਰ ਦੋਸਤੀ ਜਤਲਾਉਣ ਲਈ ਕਹਿਣ ਲੱਗਾ ਕਿ ਆਪਣੀ ਮਾਲਾ ਦਾ ਇਕ ਮਣਕਾ ਮੈਨੂੰ ਦਿਓ ਤਾਂ ਕਿ ਤਸਬੀ ਵਿਚ ਲਗਾ ਕੇ ਫੇਰਾਂ! ਮਹਾਰਾਜ ਨੇ ਕਿਹਾ - ਜਦ ਗੁਰੂ ਅਰਜਨ ਸਾਹਿਬ ਜੀ ਸ਼ਹੀਦ ਹੋਏ ਉਨ੍ਹਾਂ ਪਾਸ ਵੀ ਅਜਿਹੀ ਇਕ ਮਾਲਾ ਸੀ, ਚੰਦੂ ਨੇ ਪਾਸ ਹੀ ਰੱਖ ਲਈ ਹੋਵੇਗੀ!

ਜਹਾਂਗੀਰ ਨੇ ਕਿਹਾ ਕਿ ਮੈਨੂੰ ਬੜੀ ਗਲਤਫਹਿਮੀ ਪਾਈ ਗਈ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਜੋ ਤੂੰ ਕੀਤਾ ਹੈ ਇਸ ਦਾ ਹਿਸਾਬ ਹੁਣ ਇਥੇ ਨਹੀਂ, ਦਰਗਾਹ ਹੀ ਹੋਵੇਗਾ! ਹੁਣ ਦੁਹਰਾਉਣ ਦੀ ਲੋੜ ਨਹੀਂ। ਚੁੱਪੀ ਵਿਚ ਹੀ ਭਲਾ ਹੈ -

**ਹਮਰਾ ਤੁਮ ਦਰਗਾਹੇ ਲੇਖਾ।**
**ਯਜ਼ਦਾ ਕਰੇ ਚਰਿਤ ਜਹ ਦੇਖਾ।**
**ਇਹਾ ਕਛੂ ਹਮ ਤੋਹਿ ਨ ਕਹੌਂ।**
**ਬੋਲਤ ਕਾਹਿ ਮੋਨਿ ਹ੍ਵੈ ਰਹੋ॥੫੬੯॥**

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਇਸਤਰੀ ਵੀ ਗੁਰੂ ਜੀ ਦੇ ਹਵਾਲੇ ਕੀਤੇ। ਪਰ ਖਿਮਾ-ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰੂ-ਪਾਤਸ਼ਾਹ ਨੇ ਕਿਹਾ ਕਿ ਇਨ੍ਹਾਂ ਨੂੰ ਛੱਡ ਦਿਓ, ਇਨ੍ਹਾਂ ਦਾ ਕੀ ਕਸੂਰ ਹੈ?

**ਸ੍ਰੀ ਗੁਰ ਕਹਾ ਇਨੈ ਛੱਡ ਦੀਜੈ।**
**ਇਨ ਕੈ ਵਸਿ ਨਹਿ, ਜੋ ਗਹਿ ਲੀਜੈ॥੫੯੫॥**

ਬਿਧੀ ਚੰਦ ਨੇ ਕਿਹਾ - ਮਹਾਰਾਜ! ਪਾਪੀ ਦੇ ਬੱਚੇ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ ਪਰ ਗੁਰੂ ਜੀ ਨੇ ਕਿਹਾ - ਨਹੀਂ ਬਿਧੀ ਚੰਦ! ਸੂਰਮਾ ਕਦੀ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਉਂਦਾ। ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ। ਗੁਰ ਬਿਲਾਸ ਨੇ ਇਸ ਵਾਕ ਨੂੰ ਉਚੇਚਾ 'ਸ੍ਰੀ ਗੁਰੋ ਵਾਚ' ਕਹਿ ਕੇ ਦਰਜ ਕੀਤਾ ਹੈ। ਵਾਕ ਹੈ:

**ਜੇ ਸੂਰੇ ਬਲ ਭਾਰ ਧਰਾਵੈ।**
**ਨਾਰੀ ਪਰਿ ਨਹਿ ਵਾਰ ਕਰਾਵੈ॥...੬੧੧॥**

ਬੰਦੀ ਰਾਜਿਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਗਵਾਲੀਅਰ ਵਿਚੋਂ ਰਿਹਾ ਕਰਵਾਇਆ, ਦੀ ਗਿਣਤੀ 'ਗੁਰਬਿਲਾਸ' ਮੁਤਬਿਕ ਦੋ ਸੌ ਦਸ (੨੧੦) ਸੀ। ਉਨ੍ਹਾਂ ਦੇ ਰਾਜ ਵੀ ਮੁੜਵਾ ਦਿੱਤੇ। ਗੁਰੂ ਮਹਾਰਾਜ ਨੇ ਸਭ ਰਾਜਿਆਂ ਨੂੰ ਕਿਹਾ ਕਿ ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਉਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਹੁਣ ਬਾਦਸ਼ਾਹ ਨਾਲ ਬਣਾਈ ਰੱਖਣਾ। ਬਗ਼ਾਵਤ ਦੀ ਨਹੀਂ ਸੋਚਣੀ। ਮਿੱਤਰਤਾ ਜਦ ਹੋ ਜਾਏ, ਫਿਰ ਅੰਤਰ ਨਹੀਂ ਰੱਖਣਾ ਚਾਹੀਦਾ-

**ਸਤਿਨਾਮ ਰਿਦੈ ਮੋ ਧਰੋ**
**ਆਗਯਾ ਸ਼ਾਹ ਕਰਾਇ॥੬੦੧॥**

ਵਾਪਸੀ 'ਤੇ ਦਿੱਲੀ ਵਿਖੇ ਫਿਰ ਮਜਨੂੰ ਟਿੱਲੇ ਹੀ ਟਿਕਾਣਾ ਕੀਤਾ। ਸੰਗਤਾਂ ਦਰਸ਼ਨ ਕਰ, ਨਿਹਾਲ ਹੋਈਆਂ। ਮਜਨੂੰ ਨੂੰ ਧੀਰਜ ਦਿੱਤਾ।

ਚੰਦੂ ਪਕੜਿਆ ਨਾਲ ਹੀ ਆ ਰਿਹਾ ਸੀ। ਉਸ ਨੂੰ ਹਰ ਕੋਈ ਲਾਹਨਤ ਪਾਉਂਦਾ ਤੇ ਜੁੱਤੀਆਂ ਵੀ ਮਾਰਦਾ।

ਗੁਰੂ ਜੀ ਦੇ ਆਚਰਣ ਦੀ ਧਾਂਕ ਵੀ ਜਹਾਂਗੀਰ 'ਤੇ ਪਈ। ਨੂਰ ਜਹਾਨ ਦਾ ਚਿਹਰਾ ਚੰਨ ਵਾਂਗੂੰ ਚਮਕਦਾ ਸੀ। ਸ਼ਿੰਗਾਰ ਵੀ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕ੍ਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਹੋਂਦ ਕੀ ਕਰ ਸਕਦੀ ਸੀ? ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਮਹਾਰਾਜ ਨੇ ਕਿਹਾ-

ਬੇਟੀ! ਜੇ ਸਦਾ ਕਾਇਮ ਰਹਿਣ ਵਾਲੇ ਅਲਾਹ ਦੀ ਯਾਦ ਨਾ ਵਿਸਰਨ ਵਾਲਾ ਸ਼ਿੰਗਾਰ ਕਰ ਲਵੇਂ ਤਾਂ ਖੁਦਾ ਨੂੰ ਪਾ ਲਵੇ!

**ਐਸੋ ਸਾਚ ਸ਼ਿੰਗਾਰ ਕਰਿ ਪੁਤ੍ਰੀ ਪਾਇ ਖੁਦਾਇ॥੬੪੦॥**

ਉਸ ਨੂੰ ਲੱਜਾ ਆਈ। ਨੂਰ ਜਹਾਨ ਨੇ ਜਦੋਂ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ 'ਤੇ ਤੁਸੀਂ ਕਿਵੇਂ ਪਾਇਆ ਹੋਇਆ ਹੈ ਤਾਂ ਆਪ ਜੀ ਨੇ ਫਰਮਾਇਆ-

**ਮੌਤ ਭੁੱਲਦੀ ਨਹੀਂ ਤੇ ਖ਼ੁਦਾ ਦੀ ਯਾਦ ਟੁੱਟਦੀ ਨਹੀਂ।**

ਜਦ ਜਹਾਂਗੀਰ ਨਾਲ ਵੱਖਰੀ ਭੇਂਟ ਹੋਈ ਤਾਂ ਉਸ ਨਿਮਰਤਾ ਨਾਲ ਖਿਮਾ ਮੰਗੀ ਤੇ ਖ਼ਾਹਿਸ਼ ਪ੍ਰਗਟਾਈ ਕਿ ਗੋਇੰਦਵਾਲ ਤੇ ਤਰਨਤਾਰਨ ਦੇ ਦਰਸ਼ਨਾਂ ਬਾਅਦ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਪੁੱਜ ਕੇ ਮਾਤਾ ਜੀ ਕੋਲੋਂ ਕ੍ਰਿਪਾ ਕਰ ਖ਼ਿਮਾ ਲੈ ਦੇਵੋ। ਮਹਾਰਾਜ ਨੇ ਕਿਹਾ - ਜਦ ਜੀਅ ਆਏ, ਉਥੇ ਆਓ। ਗੁਰੂ-ਘਰ ਕੋਈ ਰੋਕ ਨਹੀਂ।

ਗੁਰੂ ਜੀ ਵੀ ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਪੁੱਜੇ। ਸਾਰਾ ਇਲਾਕਾ ਹੀ ਦਰਸ਼ਨਾਂ ਲਈ ਉਮਡ ਪਿਆ। ਬਾਬਾ ਬੁੱਢਾ ਜੀ ਨੇ ਸਹੀ ਸਲਾਮਤ ਪੁੱਜਣ ਦੀ ਅਰਦਾਸ ਕੀਤੀ। ਮਾਤਾ ਜੀ ਦੇ ਚਰਨ ਜਦ ਗੁਰੂ ਜੀ ਨੇ ਛੂਹੇ, ਉਨ੍ਹਾਂ ਛਾਤੀ ਨਾਲ ਲਗਾ ਲਿਆ ਤੇ ਕਿਹਾ, 'ਅੱਜ ਖੁਸ਼ੀ ਸੰਭਾਲੀ ਨਹੀਂ ਜਾਂਦੀ।'

**ਮਾਤਾ ਕੇ ਚਰਨੀ ਲਗੇ ਮਾਤ ਲੀਨ ਉਰਿ ਲਾਇ।**
**ਆਨੰਦ ਸੋਂ ਸੁਤ ਤੁਮ ਆਏ ਪ੍ਰੇਮ ਨ ਚਿੱਤਿ ਸਮਾਇ॥੬੩੭॥**

ਅਜੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਖ਼ਬਰ ਪੁੱਜੀ ਕਿ ਜਹਾਂਗੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣਾ ਚਾਹੁੰਦੇ ਹਨ। ਗੁਰੂ ਜੀ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਜਦ ਚਿੱਤ ਚਾਹੇ ਆਵੋ! ਜਹਾਂਗੀਰ ਤਰਨਤਾਰਨ ਦੇ ਰਾਹ ਬਾਹਰਲੀ ਬਾਹੀ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਅੱਗੋਂ ਭੇਜਿਆ ਕਿ ਨਾਲ ਲੈ ਆਵੋ! ਉਸ ਨੇ ਪਹਿਲਾਂ ਬਾਹਰੋਂ ਹੀ ਸਿਰ ਨਿਵਾਇਆ ਤੇ ਫਿਰ ਅਕਾਲ ਤਖ਼ਤ 'ਤੇ ਕੜਾਹ ਪ੍ਰਸ਼ਾਦ ਕਰਵਾਇਆ। ਮੱਥਾ ਟੇਕਿਆ -

**'ਦਰਸ ਤਖ਼ਤ ਕਰਿ ਅਨੰਦ ਚੀਨੀ॥੬੭੬॥**

ਫਿਰ ਸ੍ਰੀ ਦਰਬਾਰ ਸਾਹਿਬ ਆਇਆ। ਬੈਠ ਕੀਰਤਨ ਸੁਣਿਆ। ਉਥੇ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਉਸ ਬੇਅੰਤ ਮਾਇਆ ਭੇਟ ਕੀਤੀ। ਕੀਰਤਨ ਦੇ ਭੋਗ ਉਪਰੰਤ ਜਹਾਂਗੀਰ ਨੇ ਮਾਤਾ ਜੀ ਦੇ ਦਰਸ਼ਨਾਂ ਦੀ ਲੋਚਾ ਦੱਸੀ ਤੇ ਗੁਰੂ ਜੀ ਨੂੰ ਕਿਹਾ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖਿਮਾ ਪ੍ਰਾਪਤ ਕਰਾਂ-

**ਚਲੋ ਪੀਰ ਮਾਤਾ ਨਿਕਟਾਇ।**
**ਪਰੀ ਭੂਲ ਮਮ ਛਿਮਾ ਕਰਾਇ॥੬੮੦॥**

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਿਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ -

**ਛਿਮਾ ਮਾਤ ਮਮ ਕੀਜੀਏ,**
**ਮੁੱਖ ਸੋਂ ਕੀਨ ਉਚਾਰ॥੬੮੪॥**

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਜਦ ਜਹਾਂਗੀਰ ਸਫਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ, ਜਹਾਂਗੀਰ!

**ਗੁਰ ਗ੍ਰਿਹ ਸਾਥਿ ਵੈਰ ਜੋ ਪਾਵੇ,**
**ਹਲਤ ਪਲਤ ਨਿਜ ਦੋਇ ਗਵਾਵੈ॥੬੮੮॥**

ਗੁਰੂ ਤਾਂ ਜਨਮ-ਮਰਨ ਵਿਚ ਨਹੀਂ ਹਨ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਉਂਦੇ ਹਨ। ਜਦ ਤੱਕ ਮਾਤਾ ਜੀ ਨੇ ਮੁਖ ਤੋਂ 'ਖਿਮਾ ਕੀਤੀ' ਦੇ ਸ਼ਬਦ ਨਾ ਆਖੇ ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ -

**ਸੁਨੋ ਸ਼ਾਹਿ ਗੁਰ ਤੋਰ ਸਹਾਈ।**
**ਲੋਕ ਪ੍ਰਲੋਕ ਵਿਖੈ ਸੁਖ ਪਾਈ।**
**ਯੌਂ ਸੁਨਿ ਕੈ ਮਾਤਾ ਕੇ ਬੈਨਾ।**
**ਜਹਾਂਗੀਰ ਮਨਿ ਆਯੋ ਚੈਨਾ॥੬੯੧॥**

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖਰਚ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ - ਜੈਸਾ ਹੈ, ਸੁੰਦਰ ਹੈ, ਸਮਾਂ ਪਾ ਕੇ ਆਪੇ ਸਿੱਖ ਬਣਾਉਣਗੇ -

**ਕਹਾ ਗੁਰੂ ਅਬ ਨਾਹਿ ਸੁਹਾਵੈ।**
**ਸਮਾ ਪਾਇ ਇਹ ਅਧਿਕ ਬਨਾਵੈ॥੭੦੦॥**

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਏ।


*****

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਅੱਸੂ ਮਹੀਨੇ ਦੀ ਸੰਗਰਾਂਦ ਅਤੇ ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਮੇਜਰ. ਐਨ.ਐਸ. ਮੁਲਤਾਨੀ,
ਵਾਇਸ ਪ੍ਰਧਾਨ ਅਤੇ ਜਨਰਲ ਸਕੱਤਰ



ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ"

1. ਆਪ ਸਾਰੇ ਮੈਂਬਰ ਸਾਹਿਬਾਨ ਜਾਣਦੇ ਹੋ ਕਿ ਫਾਊਂਡੇਸ਼ਨ ਦੇ ਆਡੀਟੋਰੀਅਮ ਦਾ ਨਵੀਨੀਕਰਨ, ਮੁਰੰਮਤ ਏ.ਸੀ. ਪਲਾਂਟ, ਸੋਲਰ ਪਲਾਂਟ ਅਤੇ ਹੋਰ ਛੋਟੇ-ਮੋਟੇ ਕੰਮਾਂ ਵਿੱਚ ਕਾਫੀ ਵਾਧਾ ਹੋ ਰਿਹਾ ਹੈ। ਇਸ ਲਈ ਵੱਖਰੇ-ਵੱਖਰੇ ਕੰਮ ਕਰਨ ਲਈ ਲੋੜ ਅਨੁਸਾਰ ਵੱਖ-ਵੱਖ ਸਮਰੱਥ ਅਤੇ ਤਜ਼ਰਬੇਕਾਰ ਮੈਂਬਰਾਂ ਦੀ ਲੋੜ ਹੈ, ਜੋ ਕਿ ਇਸ ਸਮੇਂ ਉਪਲਬਧ ਨਹੀਂ ਹੈ। ਇਸ ਕਰਕੇ ਸਾਰੇ ਮੈਂਬਰ ਸਾਹਿਬਾਨ ਨੂੰ ਅਤੇ ਖਾਸ ਕਰਕੇ ਸਮਰੱਥ ਅਤੇ ਤਜ਼ਰਬੇਕਾਰ ਮੈਂਬਰਾਂ ਨੂੰ ਅੱਗੇ ਆ ਕੇ ਆਪ ਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਹ ਉਮੀਦ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਸਮਰੱਥ ਅਤੇ ਤਜ਼ਰਬੇਕਾਰ ਮੈਂਬਰ ਯੋਗਦਾਨ ਪਾਉਣ ਲਈ ਆਪ ਦੇ ਨਾਮ ਦੇਣ ਤਾਂਕਿ ਇਨ੍ਹਾਂ ਕੰਮਾਂ ਦੀ ਪੂਰਤੀ ਜਲਦੀ ਹੋ ਸਕੇ। ਫਾਊਂਡੇਸ਼ਨ ਦੇ ਕੰਮਾਂ ਨੂੰ ਪੂਰਾ ਕਰਨ ਲਈ ਮੈਂਬਰ ਸਾਹਿਬਾਨ ਨੂੰ ਪੂਰਾ ਮਾਣ ਅਤੇ ਸਹਿਯੋਗ ਦਿੱਤਾ ਜਾਵੇਗਾ।

2. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ-** ਸਤੰਬਰ ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਜੋ ਕਿ ਵਿੱਤ ਸਕੱਤਰ ਨੇ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ।

ਸਤੰਬਰ ਦੇ ਮਹੀਨੇ ਵਿੱਚ ਕੁੱਲ ਆਮਦਨ = 502782

ਸਤੰਬਰ ਦੇ ਮਹੀਨੇ ਦਾ ਕੁੱਲ ਖਰਚਾ = 318606

3. **ਮੇਨ ਆਡੀਟੋਰੀਅਮ ਦੀ ਮੁਰੰਮਤ ਅਤੇ ਨਵੀਨੀਕਰਨ ਦੇ ਸਬੰਧੀ ਰਿਪੋਰਟ -** ਮੇਨ ਆਡੀਟੋਰੀਅਮ ਦੇ ਪਹਿਲੇ ਪੜਾਅ ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ ਇਸ ਦੀ ਬੁਕਿੰਗ ਠੀਕ-ਠਾਕ ਚੱਲ ਰਹੀ ਹੈ। ਦੂਜੇ ਪੜਾਅ ਦਾ ਕੰਮ ਅਜੇ ਤੱਕ ਸ਼ੁਰੂ ਨਹੀਂ ਹੋ ਸਕਿਆ, ਜਿਸ ਲਈ ਇੱਕ ਕਮੇਟੀ ਬਣਾਈ ਗਈ ਹੈ ਜੋ ਕਿ ਇਸ ਕੰਮ ਨੂੰ ਪੂਰਾ ਕਰਨ ਲਈ ਜਲਦੀ ਹੀ ਕੋਸ਼ਿਸ਼ ਕਰੇਗੀ।

4. **ਐਜੁਕੇਸ਼ਨ ਪਾਲਿਸੀ, ਐਜੁਕੇਸ਼ਨ ਪ੍ਰਮੋਸ਼ਨ ਅਤੇ ਸਕਾਲਰਸ਼ਿਪ ਕਮੇਟੀ** - ਐਜੁਕੇਸ਼ਨ ਪਾਲਿਸੀ, ਐਜੁਕੇਸ਼ਨ ਪ੍ਰਮੋਸ਼ਨ ਅਤੇ ਸਕਾਲਰਸ਼ਿਪ ਪਾਲਿਸੀ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ। ਇਸ ਬਾਰੇ ਵਰਕਿੰਗ ਕਮੇਟੀ ਅਤੇ ਕਾਰਜਕਾਰੀ ਕਮੇਟੀ ਵਿੱਚ ਵੀ ਵਿਚਾਰ ਹੋਈ ਕਿ ਇਸ ਨੂੰ ਲਾਗੂ ਕਰਨ ਲਈ ਜਲਦੀ ਹੀ ਸੀਨੀਅਰ ਵਾਇਸ ਪ੍ਰਧਾਨਾਂ ਪੰਜਾਬ ਅਤੇ ਹਰਿਆਣਾ ਨੂੰ ਚਿੱਠੀ ਲਿਖੀ ਜਾਵੇਗੀ ਤਾਂ ਕਿ ਇਸ ਕੰਮ ਨੂੰ ਅੱਗੇ ਵਧਾਉਣ ਲਈ ਇੰਤਜਾਮ ਕੀਤੇ ਜਾਣ।

5. **ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਬਾਰੇ** - ਵਿਦਿਆਰਥੀ ਨੂੰ ਵਜ਼ੀਫੇ ਦੇਣ ਲਈ ਅਕੈਡਮਿਕ ਸਾਲ 2021-2022 ਦੀ ਪਾਲਸੀ ਅਤੇ ਐਪਲੀਕੇਸ਼ਨ ਫਾਰਮ ਜੁਲਾਈ ਅਤੇ ਅਗਸਤ 2022 ਦੇ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕਰ ਦਿੱਤੀ ਗਈ ਸੀ। ਸਾਰੇ ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ, ਅਤੇ ਰਿਜ਼ਨਲ ਪ੍ਰਧਾਨਾਂ ਨੂੰ ਜ਼ਰੂਰਤਮੰਦ ਅਤੇ ਗਰੀਬ ਬੱਚਿਆਂ ਦੇ ਫਾਰਮ ਭਰਵਾ ਕੇ ਫਾਊਂਡੇਸ਼ਨ ਵਿਚ 20 ਸਤੰਬਰ 2022 ਤੱਕ ਭੇਜਣ ਲਈ ਕਿਹਾ ਗਿਆ ਸੀ, ਪ੍ਰੰਤੂ ਅਜੇ ਤੱਕ ਕੋਈ ਖਾਸ ਕਾਰਵਾਈ ਨਹੀਂ ਹੋਈ। ਇਸ ਲਈ ਦੁਬਾਰਾ ਬੇਨਤੀ ਕੀਤੀ ਜਾਂਦੀ ਹੈ ਕਿ ਜਲਦੀ ਤੋਂ ਜਲਦੀ ਜ਼ਰੂਰਤਮੰਦ ਅਤੇ ਗਰੀਬ ਬੱਚਿਆਂ ਦੇ ਫਾਰਮ ਭਰਵਾ ਕੇ ਫਾਊਂਡੇਸ਼ਨ ਵਿੱਚ ਭੇਜੋ ਤਾਂਕਿ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

6. **ਅੱਸੂ ਮਹੀਨੇ ਦੀ ਸੰਗਰਾਂਦ** - ਅੱਸੂ ਮਹੀਨੇ ਦੀ ਸੰਗਰਾਂਦ 17.09.2022 ਨੂੰ ਭਵਨ ਵਿਖੇ ਮਨਾਈ ਗਈ, ਜਿਸ ਵਿੱਚ ਬਹੁਤ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਦਾਨ ਦੇ ਕੇ ਆਪ ਦਾ ਯੋਗਦਾਨ ਪਾਇਆ। ਇਸ ਮੌਕੇ ਤੇ ਪ੍ਰਧਾਨ ਸਾਹਿਬ ਨੇ ਸਾਰੇ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਆਪ ਸਭ ਆਂਡ-ਗੁਆਂਡ ਅਤੇ ਰਿਸ਼ਤੇਦਾਰਾਂ ਨੂੰ ਉਤਸ਼ਾਹ ਦੇ ਕੇ ਗੁਰੂ ਘਰ ਵਿੱਚ ਹਾਜ਼ਰੀ ਭਰਨ ਲਈ ਲਈ ਕਿਹਾ ਕਰੋ। ਗੁਰੂ ਘਰ ਇੰਚਾਰਜ ਨੂੰ ਵੀ ਜ਼ਿਆਦਾ ਤੋਂ ਜ਼ਿਆਦਾ ਮੈਂਬਰਾਂ ਨੂੰ ਫੋਨ ਕਰਕੇ ਸੱਦਾ ਦੇਣ ਲਈ ਕਿਹਾ ਤਾਂਕਿ ਗੁਰੂ ਘਰ ਦੀ ਰੌਣਕ ਵਿੱਚ ਵਾਧਾ ਹੋ ਸਕੇ।

7. **ਫਾਇਰ ਫਾਈਟਿੰਗ ਦੀ ਐਨ.ਓ.ਸੀ ਬਾਰੇ** - ਫਾਇਰ ਫਾਇਟਿੰਗ ਦੀ ਐਨ.ਓ.ਸੀ. ਲੈਣ ਲਈ ਛੋਟੀਆਂ-ਮੋਟੀਆਂ ਕਮੀਆਂ ਹਨ ਜੋ ਅਜੇ ਤੱਕ ਪੂਰੀ ਤਰ੍ਹਾਂ ਪੂਰੀਆਂ ਨਹੀਂ ਹੋਈਆਂ ਹਨ। ਇਸ ਲਈ ਹੋਰ ਪੁਰਜ਼ੋਰ ਕੋਸ਼ਿਸ਼ ਕਰਨ ਦੀ ਲੋੜ ਹੈ ਤਾਂਕਿ ਐਨ.ਓ.ਸੀ. ਜਲਦੀ ਪ੍ਰਾਪਤ ਕੀਤੀ ਜਾ ਸਕੇ।

8. **ਲੁਬਾਣਾ ਸੇਵਕ ਮੈਗਜ਼ੀਨ ਬਾਰੇ** - ਲੁਬਾਣਾ ਸੇਵਕ ਮੈਗਜ਼ੀਨ ਹਰ ਮਹੀਨੇ ਵੈਬਸਾਈਟ ਤੇ ਅਪਲੋਡ ਕੀਤਾ ਜਾ ਰਿਹਾ ਹੈ। ਜੋ ਲੋੜ ਅਨੁਸਾਰ ਡਾਉਨਲੋਡ ਕਰਕੇ ਪੜ੍ਹਿਆ ਜਾ ਸਕਦਾ ਹੈ। ਲੁਬਾਣਾ ਸੇਵਕ ਮੈਗਜ਼ੀਨ ਹੁਣ ਜਲੰਧਰ ਤੋਂ ਹੀ ਸਾਰੇ ਲੁਬਾਣਾ ਸੇਵਕ ਦੇ ਮੈਂਬਰਾਂ ਨੂੰ ਪੋਸਟ ਕੀਤਾ ਜਾਵੇਗਾ।

9. **ਗੁਰੂ ਲਾਧੋ ਰੇ ਦਿਵਸ ਬਾਰੇ** - ਫਾਊਂਡੇਸ਼ਨ ਵੱਲੋਂ ਗੁਰੂ ਲਾਧੋ ਰੇ ਦਿਵਸ ਮਿਤੀ 07.10.2022 ਦਿਨ ਸ਼ੁੱਕਰਵਾਰ ਨੂੰ ਭਵਨ ਵਿਖੇ ਮਨਾਇਆ ਜਾਵੇਗਾ, ਜਿਸ ਲਈ ਵੱਖ-ਵੱਖ ਸਬ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਤਾਂਕਿ ਦਿਵਸ ਮਨਾਉਣ ਲਈ ਠੀਕ ਪ੍ਰਬੰਧ ਕੀਤੇ ਜਾ ਸਕਣ। ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਨੇ ਗੁਰੂ ਲਾਧੋ ਰੇ ਦਿਵਸ ਤੇ ਹਾਜ਼ਰ ਹੋ ਕੇ ਭਵਨ ਦੀ ਰੌਣਕ ਨੂੰ ਵਧਾਉਣ ਅਤੇ ਆਪ ਦਾ ਯੋਗਦਾਨ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

10. **ਫਾਊਂਡੇਸ਼ਨ ਵਿੱਚ ਬੈਠੇ ਐਨ.ਆਰ.ਆਈ. ਮੈਂਬਰ ਸਾਹਿਬਾਨਾਂ ਵੱਲੋਂ ਫਾਊਂਡੇਸ਼ਨ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਅਤੇ ਵਿਦੇਸ਼ਾਂ ਵਿੱਚ ਸਬ-ਕਮੇਟੀਆਂ ਦਾ ਗਠਨ ਕਰਨ ਬਾਰੇ** - ਸੰਸਥਾ ਵੱਲੋਂ ਹੁਣ ਤੱਕ ਵਿੱਦਿਆ ਦੇ ਖੇਤਰ ਵਿੱਚ ਕੇਵਲ, ਮੈਰਿਟ-ਕਮ-ਮੀਨਜ਼ ਅਧਾਰ ਤੇ ਵਜ਼ੀਫੇ ਦੇਣ ਦੇ ਕੰਮ ਤੱਕ ਹੀ ਸੀਮਤ ਰਿਹਾ ਹੈ। ਸੋ ਬਰਾਦਰੀ ਦੇ ਪਿੰਡਾਂ ਵਿੱਚ ਵਿੱਦਿਆ ਨੂੰ ਜ਼ਮੀਨੀ ਸਤਾ ਤੋਂ ਲੈ ਕੇ ਬੱਚਿਆਂ ਨੂੰ ਟਿਊਸ਼ਨ ਵਰਕ, ਕੋਚਿੰਗ ਅਤੇ ਟਰੇਨਿੰਗ ਆਦਿ ਦੀ ਸਿੱਖਿਆ ਦੇਣ ਦੀ ਜ਼ਰੂਰਤ ਹੈ ਜੋ ਸੰਸਥਾ ਵੱਲੋਂ ਬਣਾਈ ਜਾ ਰਹੀ ਸਿੱਖਿਆ ਨੀਤੀ ਅਨੁਸਾਰ ਲਾਗੂ ਕੀਤੀ ਜਾਵੇਗੀ। ਇਸ ਕੰਮ ਲਈ ਅਗਲੇ ਦੋ ਸਾਲਾਂ ਵਿੱਚ ਲਗਭਗ ਇੱਕ ਕਰੋੜ ਰੁਪਏ ਦੀ ਲਾਗਤ ਆਵੇਗੀ ਜਿਸ ਲਈ ਬਰਾਦਰੀ ਦੇ ਮੈਂਬਰਾਂ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ ਕੰਮ ਕਰ ਰਹੇ ਬਰਾਦਰੀ ਦੇ ਸੱਜਣਾਂ ਨੂੰ ਸੰਸਥਾ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਵਿੱਦਿਆ ਦੇ ਪਸਾਰ ਲਈ ਬਣਾਏ ਜਾ ਰਹੇ ਪ੍ਰੋਜੈਕਟ ਦੀ ਪੂਰਤੀ ਲਈ ਵੱਧ ਚੜ੍ਹ ਕੇ ਆਪਣੀ ਸਮਰੱਥਾ ਅਨੁਸਾਰ ਦਾਨ ਦੇਣ ਦੀ ਖੇਚਲ ਕਰਨ। ਮਿਤੀ 30.04.2022 ਅਤੇ 18.09.2022 ਨੂੰ ਕਾਰਜਕਾਰੀ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਵਿੱਚ ਲਏ ਫੈਸਲੇ ਅਨੁਸਾਰ ਸੰਸਥਾ ਦੇ ਅਹੁਦੇਦਾਰ, ਬਰਾਦਰੀ ਦੇ ਸੂਝਵਾਨ ਅਤੇ ਪਤਵੰਤੇ ਸੱਜਨਾਂ ਨੂੰ ਦਾਨ ਦੇਣ ਲਈ ਬੇਨਤੀ ਕਰਨ ਲਈ ਆਉਣ ਵਾਲੇ ਸਮੇਂ ਵਿੱਚ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਦਾ ਦੌਰਾ ਕਰਨਗੇ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**ਬੋਗੇਨਵਿਲੀਆ** (**Bougainvillea**) : ਚਿੱਟੇ, ਗੁਲਾਬੀ, ਸੰਗਤਰੀ ਅਤੇ ਚਿੱਟੇ-ਗੁਲਾਬੀ ਦੋ ਰੰਗਾਂ ਵਾਲੇ ਵੀ ਮਿਲਦੇ ਹਨ। ਸਾਲ ਵਿਚ ਦੋ ਵਾਰ ਜੂਨ ਅਤੇ ਨਵੰਬਰ ਦੇ ਮਹੀਨੇ ਵਿਚ ਫੁਲ ਦੇਂਦੇ ਹਨ। ਤਿੰਨ ਮਹੀਨੇ ਪਹਿਲਾਂ ਪਾਣੀ ਦੇਣਾ ਬੰਦ ਕਰ ਦੇਵੋ।

**ਰੁਕਮੰਜਨੀ** (**Lagerstroemia**) : ਇਸ ਬੂਟੇ ਦੇ ਸਿਆਲ ਵਿਚ ਪੱਤੇ ਝੜ ਜਾਂਦੇ ਹਨ। ਮਈ ਮਹੀਨੇ ਤੱਕ ਨਵੇਂ ਪਤਿਆਂ ਨਾਲ ਬੂਟੇ ਭਰ ਜਾਂਦੇ ਹਨ। ਜੂਨ ਤੋਂ ਅਗਸਤ ਤੱਕ ਗੁਲਾਬੀ, ਲਾਲ ਅਤੇ ਚਿੱਟੇ ਰੰਗ ਦੇ ਫੁਲ ਲੱਗਦੇ ਹਨ।

**ਕੈਲੰਡਰਾ** (**Calendra**) : ਸਾਰਾ ਸਾਲ ਲਾਲ ਜਾਂ ਗੁਲਾਬੀ ਰੰਗ ਦੇ ਸੁੰਦਰ ਫੁੱਲ ਦੇਣ ਲਈ ਬਾਹਰ ਕਿਆਰੀ ਵਿਚ ਲੱਗਾ ਹੈ।

**ਵੱਡੀ ਲਿੱਲੀ** (**Belladonna Lily**) : ਚਿੱਟੇ, ਲਾਲ ਜਾਂ ਸੰਗਤਰੀ ਰੰਗ ਦੇ ਵੱਡੇ ਅਤੇ ਧੂਤੂ ਵਰਗੀ ਸ਼ਕਲ ਦੇ ਖੁਸ਼ਬੂਦਾਰ, ਇਕ ਗੁਛੇ ਵਿਚ ਤਿੰਨ ਚਾਰ ਫੁਲ ਲੱਗਦੇ ਹਨ। ਬਲਬ ਦਸੰਬਰ ਜਨਵਰੀ ਵਿਚ ਲਾਏ ਜਾਂਦੇ ਹਨ। ਉਪਜਾਊ ਅਤੇ ਰੂੜੀ ਵਾਲੀ ਜ਼ਮੀਨ ਮੰਗਦੇ ਹਨ। ਜ਼ਮੀਨ ਸਿੱਲੀ ਅਤੇ ਧੁਪ ਵਾਲੀ ਥਾਂ। ਫੁਲ ਵਸਾਖੀ ਤੇ ਅਪ੍ਰੈਲ ਮਹੀਨੇ ਵਿਚ। ਅਕਤੂਬਰ ਤੋਂ ਦਸੰਬਰ ਤੱਕ ਪਾਣੀ ਦੇਣਾ ਬੰਦ ਕਰ ਦੇਵੋ ਅਤੇ ਬਲਬਾਂ ਨੂੰ ਆਰਾਮ ਕਰਨ ਦੇਵੋ। ਦਸੰਬਰ ਜਾਂ ਜਨਵਰੀ ਵਿਚ ਪਾਣੀ ਦੇਣਾ ਸ਼ੁਰੂ ਕਰ ਦੇਵੋ। ਚਾਰ ਪੰਜ ਸਾਲ ਬਾਅਦ ਪੁਟ ਕੇ ਲਾਓ।

**ਕਿੰਨੂ ਅਤੇ ਨਿੰਬੂ** : ਨਿੰਬੂ ਜਾਤੀ ਦੇ ਬੂਟੇ ਵਰਖਾ ਰੁੱਤ ਵਿਚ ਲਾਏ ਜਾਂਦੇ ਹਨ। ਇਸ ਜਾਤੀ ਦੇ ਰੁੱਖਾਂ ਦੀ ਕਾਂਟ-ਛਾਂਟ ਨਵੇਂ ਪੱਤੇ ਨਿਕਲਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਸੁਕੀਆਂ ਟਾਹਣੀਆਂ ਕੱਟ ਦਿੱਤੀਆਂ ਜਾਂਦੀਆਂ ਹਨ। ਤਾਰਾਂ ਵਰਗੀਆਂ ਪਤਲੀਆਂ ਅਤੇ ਵਾਧੂ ਭੀੜ ਪਾਉਣ ਵਾਲੀਆਂ ਸ਼ਾਖਾ ਵੀ ਕੱਟ ਦੇਵੋ। ਜਨਵਰੀ ਮਹੀਨੇ ਵਿਚ ਦੇਸੀ ਰੂੜੀ ਅਤੇ ਯੂਰੀਆ ਖਾਦ ਪਾ ਦੇਵੋ। ਬਾਰਾ ਮਾਸੀ ਨਿੰਬੂ ਦੋ ਫਸਲਾਂ ਜੂਨ ਤੋਂ ਸਤੰਬਰ ਅਤੇ ਦਸੰਬਰ ਤੋਂ ਮਾਰਚ ਤੱਕ ਦੇਂਦੇ ਹਨ।

## ਸਰਦੀਆਂ ਦੇ ਫੁਲਦਾਰ ਪੌਦੇ

**ਗੁਲਾਬ** (**Rose**) : ਗੁਲਾਬ ਦੇ ਬੂਟਿਆਂ ਦੀ ਕਾਂਟ ਛਾਂਟ ਅਕਤੂਬਰ ਦੇ ਦੂਜੇ ਸਪਤਾਹ ਵਿਚ ਕੀਤੀ ਜਾਂਦੀ ਹੈ। ਸਾਰੀਆਂ ਸੁਕੀਆਂ, ਪਤਲੀਆਂ ਟਾਹਣੀਆਂ ਕੱਟ ਦਿੱਤੀਆਂ ਜਾਂਦੀਆਂ ਹਨ। ਥੋੜ੍ਹੀਆਂ ਜਾਨਦਾਰ ਟਾਹਣੀਆਂ ਅਤੇ ਹਰ ਟਾਹਣੀ ਤੇ ਪੰਜ ਛੇ ਅੱਖਾਂ ਰੱਖ ਕੇ ਬੂਟੇ ਨੂੰ ਸੁੰਦਰ ਸ਼ਕਲ ਦਿੱਤੀ ਜਾਂਦੀ ਹੈ। ਕਾਂਟ ਛਾਂਟ ਕਰਨ ਉਪਰੰਤ ਗੋਹੇ ਦੀ ਰੂੜੀ ਪਾਈ ਜਾਂਦੀ ਹੈ। ਪਾਣੀ ਕਿਆਰੀ ਭਰ ਕੇ ਸਰਦੀਆਂ ਵਿਚ ਹਫ਼ਤੇ ਵਿਚ ਇਕ ਵਾਰ ਅਤੇ ਗਰਮੀਆਂ ਵਿਚ ਜ਼ਿਆਦਾ ਵਾਰੀ ਦਿੱਤਾ ਜਾਂਦਾ ਹੈ। ਜੜ੍ਹ ਵਿਚੋਂ ਫੁਟਦੇ ਪੁੰਗ ਨੂੰ ਕਟਦੇ ਰਹਿਣਾ ਚਾਹੀਦਾ ਹੈ। ਬੂਟਿਆਂ ਨੂੰ ਸਵੇਰ ਵੇਲੇ ਪਾਣੀ ਦੇਣਾ ਬਹੁਤ ਠੀਕ ਹੈ। ਤੇਲੇ ਅਤੇ ਹੋਰ ਮਾੜੇ ਮੋਟੇ ਕੀੜਿਆਂ ਲਈ ਮੈਲਾਥੀਨ ਦਾ ਛੜਕਾ ਕੀਤਾ ਜਾਵੇ।

**ਡੇਹਲੀਆ** (**Dahlia**) : ਸਭ ਤੋਂ ਪਹਿਲਾਂ ਮੈਕਸੀਕੋ ਦੇਸ਼ ਵਿਚ ਉਗਾਇਆ ਗਿਆ। ਸਵੀਡਨ ਦੇ ਬਾਟਨੀ ਦੇ ਡਾਕਟਰ ਡੈਹਲ ਦੇ ਨਾਂ ਤੇ ਇਸ ਸੁੰਦਰ ਫੁਲ ਦੇ ਪੌਦੇ ਨੂੰ ਨਾਂ ਮਿਲਿਆ। ਬੂਟੇ ਦੀ ਉਚਾਈ 30 ਸੈਂਟੀਮੀਟਰ ਤੋਂ 2 ਮੀਟਰ ਤੱਕ ਵੀ ਹੋ ਸਕਦੀ ਹੈ। ਨਵਾਂ ਪੌਦਾ ਜੜ੍ਹ ਦੇ ਗੰਢੇ ਜਾਂ ਟਾਹਣੀ ਦੀ ਕਲਮ ਤੋਂ ਉਗਾਇਆ ਜਾ ਸਕਦਾ ਹੈ। ਕਲਮ 8 ਤੋਂ 10 ਸੈਂਟੀਮੀਟਰ ਲੰਮੀ ਹੋਣੀ ਚਾਹੀਦੀ ਹੈ। ਜਦ ਨਵਾਂ ਬੂਟਾ 15 ਤੋਂ 20 ਸੀ.ਐਮ. ਉੱਚਾ ਹੋ ਜਾਵੇ ਤਾਂ ਉਸ ਨੂੰ ਫੈਲਣ ਲਈ ਚੋਟੀ ਤੋਂ ਮਾੜਾ ਜਿਹਾ ਕੱਟ ਦਿੱਤਾ ਜਾਂਦਾ ਹੈ। ਕਿਆਰੀ ਨੂੰ ਭਰਵਾਂ ਪਾਣੀ ਦਿੱਤਾ ਜਾਂਦਾ ਹੈ। ਬੂਟੇ ਅਖੀਰ ਮਾਰਚ ਤੱਕ ਫੁਲ ਦੇਂਦੇ ਹਨ।

**ਗੁਲਦੌਦੀ** (**Chrysanthemum**) : ਗਮਲੇ ਭਰਨ ਲਈ ਦੋ ਹਿੱਸੇ ਉਪਜਾਊ ਮਿੱਟੀ, ਇਕ ਹਿੱਸਾ ਗੋਹੇ ਦੀ ਰੂੜੀ ਅਤੇ ਇਕ ਹਿੱਸਾ ਰੇਤ ਪਾਈ ਜਾਂਦੀ ਹੈ। ਇਕ ਚਮਚਾ ਬੀ.ਐਚ.ਸੀ. ਪਾਊਡਰ ਪਾਉ। ਗਮਲੇ ਦੇ ਉਪਰਲੇ ਤਿੰਨ ਇੰਚ ਪਾਣੀ ਲਈ ਛੱਡ ਲਵੋ। ਜੁਲਾਈ ਅਗਸਤ ਵਿਚ ਪਿਛਲੇ ਸਾਲ ਦੇ ਬੂਟੇ ਤੋਂ ਕਲਮਾਂ ਲੈ ਕੇ ਰੇਤ ਵਿਚ ਲਾ ਕੇ ਛਾਂ ਵਿਚ ਰੱਖੋ ਅਤੇ ਵਰਖਾ ਤੋਂ ਬਚਾ ਲਵੋ। ਜੜ੍ਹਾਂ ਬਨਣ ਤੇ ਪਹਿਲਾਂ ਛੋਟੇ ਅਤੇ ਬਾਅਦ ਵਿਚ ਨੌਂ ਦਸ ਇੰਚ ਦੇ ਗਮਲੇ ਵਿਚ ਲਾ ਦਿਉ। ਸ਼ਾਖਾਂ ਬਣਾਉਣ ਲਈ ਸਿਰੇ ਤੋਂ ਮਾੜਾ ਜਿਹਾ ਕੱਟ ਕੇ ਧੁਪ ਵਿਚ ਰੱਖ ਦਿਉ। ਦੋ ਤਿੰਨ ਸ਼ਾਖਾਂ ਰੱਖ ਕੇ ਹੇਠਾਂ ਸਹਾਰੇ ਲਾ ਦਿਉ। ਹਰ ਸ਼ਾਖ ਤੇ ਇਕ ਡੋਡੀ ਰੱਖ ਲਵੋ। ਤੇਲੇ ਤੋਂ ਬਚਾ ਲਈ ਮੈਲਾਥੀਨ ਛਿੜਕਦੇ ਰਹੋ।

**ਗੇਂਦਾ** (**Marigold**) : ਪੀਲੇ ਜਾਂ ਸੰਗਤਰੀ ਰੰਗ ਦੇ ਮਧਰੇ ਜਾਂ ਉੱਚੇ ਬੂਟੇ ਦੇ ਫੁਲ ਹਾਰਾਂ ਲਈ ਵਰਤੇ ਜਾਂਦੇ ਹਨ। ਹਾਈਬਰਿਡ ਕਿਸਮ ਦੇ ਪੌਦੇ ਗਮਲੇ ਅਤੇ ਕਿਆਰੀ ਵਿਚ ਉਪਜਾਊ ਮਿੱਟੀ ਅਤੇ ਚਮਕੀਲੀ ਧੁੱਪ ਮੰਗਦੇ ਹਨ। ਅਕਤੂਬਰ ਨਵੰਬਰ ਵਿਚ ਹੀ ਲਾਏ ਜਾਂਦੇ ਹਨ।

**ਸਰਦੀ ਰੁਤ ਦੇ ਹੋਰ ਫੁਲਦਾਰ ਬੂਟੇ ਹੇਠ ਲਿਖੇ ਅਨੁਸਾਰ ਹਨ :-**

**ਸਲਵੀਆ** (**Salvia**) : ਲਾਲ ਅਤੇ ਹੋਰ ਰੰਗਾਂ ਦੇ ਫੁਲਦਾਰ ਬੂਟੇ ਘਟ ਉਪਜਾਊ ਕਿਆਰੀ ਵਿਚ ਵੀ ਲੰਮੇ ਸਮੇਂ ਤੱਕ ਚਮਕਾਂ ਮਾਰਦੇ ਹਨ। ਇਹ ਪੌਦੇ ਹਾਈਬ੍ਰਿਡ ਵੀ ਮਿਲਦੇ ਹਨ।

**ਕੁੱਤਾ ਫੁਲ** (**Antirrhinum**), **ਗੁਲੇ ਅਸ਼ਰਫੀ** (**Calendula**) ਫੁਲ ਵੀ ਬੜੇ ਪਸੰਦ ਕੀਤੇ ਜਾਂਦੇ ਹਨ।

**ਐਸਟਰ** (**Asters**) : ਸੁੰਦਰ ਕਿਆਰੀ ਫੁੱਲ ਗੁਲਾਬੀ ਅਤੇ ਚਿੱਟੇ ਰੰਗ ਵਿਚ ਮਿਲਦੇ ਹਨ। ਦੇਰ ਨਾਲ ਖਿੜਨ ਵਾਲੇ ਜਲਦੀ ਖਤਮ ਹੋ ਜਾਂਦੇ ਹਨ।

**ਬਰਫ (Ice Plant) :** ਦੋ ਤਿੰਨ ਰੰਗਾਂ ਵਿਚ ਚਮਕੀਲੇ ਫੁਲਾਂ ਨੂੰ ਨੌਂ ਤੋਂ ਪੰਜ ਵੀ ਕਿਹਾ ਜਾਂਦਾ ਹੈ ਕਿਉਂ ਜੋ ਧੁੱਪ ਵਿਚ ਖਿੜਦੇ ਹਨ।

**ਸਵੀਟ ਵਿਲਅਮ (Sweet Williams) :** ਇੱਕੋ ਟਾਹਣੀ ਤੇ ਚਿੱਟੇ, ਗੁਲਾਬੀ ਅਤੇ ਲਾਲ ਰੰਗਾਂ ਦੇ ਮਿਲੇ ਜੁਲੇ ਫੁਲਾਂ ਦੇ ਗੁੱਛੇ ਸਿੱਧੀ ਧੁੱਪ ਮੰਗਦੇ ਹਨ।

### ਗਰਮੀ ਰੁਤ ਦੇ ਫੁਲ ਪੌਦੇ

**ਜ਼ੀਨੀਆ (Zinnia) :** ਦੋ ਤੋਂ ਤਿੰਨ ਫੁਟ ਉਚਾਈ ਵਾਲਾ ਪੌਦਾ ਉਪਜਾਊ ਮਿਟੀ, ਰੂੜੀ ਅਤੇ ਧੁੱਪ ਮੰਗਦਾ ਹੈ।

**ਬਾਲਸਮ (Balsam) :** ਜੂਨ ਜੁਲਾਈ ਮਹੀਨੇ ਵਿਚ ਲਾਏ ਜਾਂਦੇ ਹਨ ਬਰਸਾਤ ਵਿਚ ਖੂਬ ਫੁਲ ਦੇਂਦੇ ਹਨ। ਕਈ ਰੰਗਾਂ ਦੇ ਹੁੰਦੇ ਹਨ।

**ਕਾਸਮਾਸ (Cosmos) :** ਕੇਸਰੀ ਰੰਗ ਦੇ ਫੁਲ ਗਰਮੀਆਂ ਵਿਚ ਲਾਏ ਜਾਂਦੇ ਹਨ। ਇਹ ਫੁਲ ਸਰਦੀਆਂ ਵਿਚ ਵੀ ਲੱਗਦੇ ਹਨ। ਤੇਜ਼ ਹਵਾ ਤੋਂ ਬਚਾਉਣ ਲਈ ਦੀਵਾਰ ਲਾਗੇ ਠੀਕ ਰਹਿੰਦੇ ਹਨ।

**ਦੁਪਹਿਰ ਖਿੜੀ (Portulaca) :** ਕਈ ਰੰਗਾਂ ਵਿਚ ਸਿੰਗਲ ਅਤੇ ਡਬਲ, ਗਮਲੇ ਜਾਂ ਕਿਆਰੀ ਵਿਚ ਉਗਾਏ ਜਾ ਸਕਦੇ ਹਨ।

**ਕੁਚੀਆ (Kochia) :** ਘਾ ਜੋ ਸੁਹਾਵਣੀ ਹਰਿਆਲੀ ਦੇਂਦਾ ਹੈ। ਆਵਾਰਾ ਪਸ਼ੂਆਂ ਤੋਂ ਬਚਾਉਣਾ ਪੈਂਦਾ ਹੈ।

*****

# ਸਾਡੀ ਖੁਰਾਕ ਦੇ ਕੈਂਸਰ ਨਾਲ ਸੰਬੰਧ

ਦੁਨੀਆਂ ਵਿਚ ਅੱਜਕੱਲ੍ਹ ਤੰਦਰੁਸਤੀ ਬਾਰੇ ਚਿੰਤਾ ਵਧ ਰਹੀ ਹੈ। ਇਸ ਲਈ ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ। ਕੀ ਖਾਣਾ ਚਾਹੀਦਾ ਹੈ ਤੇ ਕੀ ਨਹੀਂ ਖਾਣਾ ਚਾਹੀਦਾ। ਜ਼ਿਆਦਾ ਚਿਕਨੇ ਭੋਜਨ, ਮਾਸ, ਧੂਮਰਪਾਣ (ਸਿਗਰਟ ਬੀੜੀਆਂ) ਜਾਂ ਚਰਬੀ, ਵਸਾ, ਮਾਸ, ਭੋਜਨ ਸਰੀਰ ਵਿਚ ਕੀ ਰੋਗ ਪੈਦਾ ਕਰ ਸਕਦਾ ਹੈ? ਕਿਤਨਾ ਖਾਣਾ ਚਾਹੀਦਾ ਹੈ? ਹੁਣ ਤੱਕ ਦੱਸਿਆ ਗਿਆ ਹੈ ਕਿ ਮਾਸਾਹਾਰੀ ਭੋਜਨ, ਜ਼ਿਆਦਾ ਨਮਕ, ਚੀਨੀ, ਤੰਦਰੁਸਤੀ ਲਈ ਅਤਿਅੰਤ ਹਾਨੀਕਾਰਕ ਹੈ।

ਇਹ ਵੀ ਖੋਜ ਕੀਤੀ ਜਾ ਰਹੀ ਹੈ ਕਿ ਕਿਸ ਚੀਜ਼ ਤੋਂ ਕੈਂਸਰ ਹੋ ਸਕਦਾ ਹੈ ਕਿਸ ਚੀਜ਼ ਤੋਂ ਨਹੀਂ। ਇਸ ਤਰ੍ਹਾਂ ਹੋਰ ਰੋਗਾਂ ਬਾਰੇ ਵੀ ਹੈ। ਆਯੁਰਵੈਦ ਖੋਜ ਅਨੁਸਾਰ ਗਾਜਰ, ਟਮਾਟਰ ਅਤੇ ਸੰਤਰਾ ਖਾਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਕੈਂਸਰ ਵੀ ਨਹੀਂ ਹੁੰਦਾ। ਛਾਤੀ ਦਾ ਕੈਂਸਰ ਉਨ੍ਹਾਂ ਨੂੰ ਹੁੰਦਾ ਹੈ ਜੋ ਜ਼ਿਆਦਾ ਚਿਕਨਾਈ ਵਾਲੇ ਭੋਜਨ ਖਾਂਦੇ ਹਨ। ਜ਼ਿਆਦਾ ਲਾਲ ਮਿਰਚ, ਮਸਾਲੇ, ਧੂੰਏਂ ਵਿਚ ਭੋਜਨ ਪਕਾਉਣ ਨਾਲ ਕੈਂਸਰ ਵਾਲੇ ਦੋਸ਼ ਪੈਦਾ ਹੋ ਜਾਂਦੇ ਹਨ। ਗਾਜਰ, ਖੀਰਾ, ਟਮਾਟਰ, ਸ਼ਕਰਕੰਦ ਆਦਿ ਪਦਾਰਥ ਸਿਹਤ ਲਈ ਲਾਭਕਾਰੀ ਹਨ।

ਆਯੁਰਵੈਦਿਕ ਚਿਕਿਤਸਾ ਦਾ ਕਹਿਣਾ ਹੈ ਲੋਕਾਂ ਨੂੰ ਸ਼ਾਕਾਹਾਰੀ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ, ਦੇਸੀ ਘਿਉ, ਗਊਆਂ ਦਾ ਦੁੱਧ, ਗਾਜਰ ਦਾ ਜੂਸ, ਠੰਢੀ ਹਵਾ 'ਚ ਤੁਰਨਾ ਫਿਰਨਾ, ਮੋਟੇ ਆਟੇ ਦੀ ਰੋਟੀ, ਚੌਲ ਆਦਿ, ਸ਼ਬਦ ਕੀਰਤਨ ਸੁਣਨਾ ਵੀ ਅਤਿਅੰਤ ਲਾਭਕਾਰੀ ਹੈ। ਸਰਕਾਰ ਨੂੰ ਇਸ ਭਿਆਨਕ ਰੋਗ ਦੀ ਰੋਕਥਾਮ ਲਈ ਚਿਕਿਤਸਾ ਲਈ ਆਯੁਰਵੈਦਿਕ ਪ੍ਰਨਾਲੀ ਦੇ ਉੱਚ ਅਧਿਕਾਰੀਆਂ ਨੂੰ ਮਿਲ ਕੇ ਇਸ ਬਿਮਾਰੀ ਦੀ ਰੋਕਥਾਮ ਦਾ ਉਪਰਾਲਾ ਕਰਨਾ ਚਾਹੀਦਾ ਹੈ। ਤੁਲਸੀ, ਗੁਲਾਬ, ਗਿਲੋ, ਪੁਦੀਨਾ ਹਰ ਘਰ ਵਿਚ ਲਾਉਣਾ ਲਾਭਕਾਰੀ ਹੈ, ਅਨੇਕਾਂ ਰੋਗਾਂ ਤੋਂ ਬਚਾਉ ਕਰਦਾ ਹੈ, ਨਿੰਮ ਦੇ ਬ੍ਰਿਛ ਪਿੰਡਾਂ ਅਤੇ ਸ਼ਹਿਰਾਂ ਵਿਚ ਵਧੇਰੇ ਲਗਾਉਣੇ ਚਾਹੀਦੇ ਹਨ। ਹਵਾ ਵਿਚ ਸ਼ੁੱਧ ਵਾਯੂ ਪੈਦਾ ਕਰਕੇ ਛੂਤ ਦੇ ਰੋਗ, ਕੁਸ਼ਟ, ਕੈਂਸਰ ਜੈਸੇ ਭਿਆਨਕ ਰੋਗਾਂ ਤੋਂ ਬਚਾਓ ਰਹਿੰਦਾ ਹੈ। ਹਫ਼ਤੇ ਵਿਚ ਇਕ ਦਿਨ ਦਾ ਉਪਵਾਸ (ਵਰਤ) ਰੱਖਣ ਨਾਲ ਕੈਂਸਰ ਅਤੇ ਹੋਰ ਰੋਗਾਂ ਤੋਂ ਬਚਾਓ ਰਹਿੰਦਾ ਹੈ। ਆਓ ਇਨ੍ਹਾਂ ਚੀਜ਼ਾਂ ਨੂੰ ਅਪਣਾ ਕੇ ਆਪਣੇ ਸਰੀਰ ਨੂੰ ਤੰਦਰੁਸਤ ਰੱਖੀਏ ਅਤੇ ਬਿਮਾਰੀਆਂ ਨੂੰ ਦੂਰ ਭਜਾਈਏ।

**ਖੂਹਾਂ ਵਿਚ ਪਾਣੀ ਢੇਰ ਅਜੇ**
**ਟਿੰਡਾਂ ਲਾਉਣੇ ਕਈ ਗੇੜ ਅਜੇ**
**ਕੁਝ ਹੋਰ ਵੀ ਹੋਵਣ ਵਾਲਾ ਹੈ,**
**ਐਵੇਂ ਨਈਂ ਖਿੱਤੀਆਂ ਘੁੰਮ ਰਹੀਆਂ।**

**ਮੋਹਨ ਸਿੰਘ**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਭਾਰਤ ਨੇ ਆਰਕਟਿਕ ਕੌਂਸਲ ਵਿਚਤ ਨਿਰੀਖਕ ਪਦ ਪ੍ਰਾਪਤ ਕੀਤਾ। ਕੌਂਸਲ ਦੇ ਅੱਠ ਮੈਂਬਰ ਹਨ। ਹੇਠ ਲਿਖੇ ਦੇਸ਼ਾਂ ਵਿਚ ਕਿਹੜਾ ਦੇਸ਼ ਇਸ ਦਾ ਮੈਂਬਰ ਨਹੀਂ ਹੈ?

ੳ) ਰੂਸ ਅ) ਯੂ.ਐਸ.ਏ.
ੲ) ਯੂ.ਕੇ. ਸ) ਸਵੀਡਨ

2. ਹੇਠ ਲਿਖੇ ਕਥਨਾਂ ਨੂੰ ਵਿਚਾਰੋ :

1) ਮਹਾਤਮਾ ਗਾਂਧੀ ਪਰਵਾਸੀ ਸੁਰੱਖਿਆ ਯੋਜਨਾ (MGPSY) ਪੈਨਸ਼ਨ ਅਤੇ ਜੀਵਨ ਬੀਮਾ ਫੰਡ ਸਕੀਮ ਹੈ ਜੋ ਕਿ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਗਈ ਹੈ।
2) ਇਹ ਸਕੀਮ ਉਨ੍ਹਾਂ ਪਰਵਾਸੀ ਭਾਰਤੀ ਕਾਮਿਆਂ ਲਈ ਹੈ ਜਿਨ੍ਹਾਂ ਕੋਲ ਐਮਿਗਰੇਸ਼ਨ ਚੈਕ ਰਿਕੁਆਰਡ (ECR) ਪਾਸਪੋਰਟ ਹਨ।

ੳ) 1 ਅਤੇ 2 ਦੋਵੇਂ ਅ) ਸਿਰਫ਼ 1
ੲ) ਸਿਰਫ਼ 2 ਸ) ਉਪਰੋਕਤ ਵਿਚੋਂ ਕੋਈ ਵੀ ਨਹੀਂ

3. ਯੂਜੀ 99 (Ug 99) ਕੀ ਹੈ?

ੳ) ਤਾਰਾਮੰਡਲ ਓਫਿਕੱਸ ਵਿਚ ਸਥਿਤ ਨਵੀਨ ਖੋਜਿਆ ਕਾਲਾ ਛੇਦ (ਪੁਲਾੜ ਵਿਚਲਾ ਕਾਲ-ਖੇਤਰ)
ਅ) ਜੀਨ ਜੋ ਸਿੱਕਲ ਸੈੱਲ ਅਨੀਮੀਆ ਲਈ ਜ਼ਿੰਮੇਵਾਰ ਹੈ।
ੲ) ਵੀਟ-ਰਸਟ ਬਿਮਾਰੀ (ਕੁੰਗੀ) ਜੋ ਕਣਕ ਦੇ ਪੌਦੇ ਦੇ ਤਣੇ ਤੇ ਪ੍ਰਹਾਰ ਕਰਦੀ ਹੈ।
ਸ) ਐਸਟਰਾਇਡ (Asteroid) ਜਿਹੜਾ ਕਿ ਸਤੰਬਰ 2013 ਵਿਚ ਧਰਤੀ ਦੇ ਨੇੜਿਓਂ ਲੰਘਿਆ।

4. ਸੈਰ ਸਪਾਟਾ ਮੰਤਰਾਲੇ ਦੀ ਪਹਿਲ ਕਦਮ ਤਹਿਤ 'ਮੁਹਿੰਮ ਸਾਫ਼ ਭਾਰਤ' ਅਧੀਨ ਓ.ਐਨ.ਜੀ.ਸੀ. ਵੱਲੋਂ ਭਾਰਤ ਵਿਖੇ ਛੇ ਸਮਾਰਕ/ਸੈਰ-ਸਪਾਟਾ ਦੀਆਂ ਥਾਵਾਂ ਨੂੰ ਅਪਣਾਇਆ ਗਿਆ ਹੈ। ਹੇਠ ਲਿਖੀਆਂ ਥਾਵਾਂ ਵਿੱਚੋਂ ਕਿਹੜੀ ਥਾਂ ਇਨ੍ਹਾਂ ਵਿਚ ਸ਼ਾਮਲ ਨਹੀਂ ਹੈ?

ੳ) ਤਾਜ ਮਹਿਲ ਅ) ਇਲੋਰਾ ਗੁਫਾਵਾਂ
ੲ) ਐਲੀਫੈਂਟਾ ਗੁਫਾਵਾਂ ਸ) ਚਾਰ ਮਿਨਾਰ

5. "ਜਿਉ ਪਾਰਸੀ" (Jio Parsi) ਕੀ ਹੈ?

ੳ) ਟਾਟਾ ਦੇ ਜੀਵਨ ਅਤੇ ਯੋਗਦਾਨ ਤੇ ਬਣਨ ਵਾਲੀ ਇੱਕ ਬੌਲੀਵੁਟ ਫ਼ਿਲਮ।
ਅ) ਪਾਰਸੀ ਬੱਚਿਆਂ ਵੱਲੋਂ ਬਣਾਈ ਗਈ ਮਸ਼ਹੂਰ ਸੰਗੀਤ ਦੀ ਐਲਬਮ।
ੲ) ਪਾਰਸੀਆਂ ਦੀ ਘੱਟ ਰਹੀ ਜਨ-ਸੰਖਿਆ ਨੂੰ ਵਧਾਉਣ ਲਈ ਸਕੀਮ।
ਸ) ਪਾਰਸੀਆਂ ਦੀ ਬਜ਼ੁਰਗ ਜਨ-ਸੰਖਿਆ ਦੇ ਜ਼ਰਾ ਚਕਿਤਸਾ (ਦੇ ਇਲਾਜ) ਲਈ ਸਕੀਮ।

6. ਹੇਠ ਲਿਖੇ ਕਥਨਾਂ ਨੂੰ ਵਿਚਾਰੋ :

1) ਜੈੱਨਵੈੱਕ (JENVAC) ਜਾਪਾਨੀ ਐਨਸੀਫ਼ੇਲਾਈਟਸ ਦੀ ਸੁਦੇਸ਼ੀ ਟੀਕੇ ਦੀ ਦਵਾਈ (ਵੈਕਸੀਨ) ਹੈ।
2) ਇਹ ਸੰਜੀਵ ਸੂਖਮ ਟੀਕੇ ਦੀ ਦਵਾਈ (ਵੈਕਸੀਨ) ਹੈ।
3) ਜਾਪਾਨੀ ਐਨਸੀਫੇਲਾਈਟਸ ਬੈਕਟੀਰੀਆਈ ਇਫੈਕਸ਼ਨ ਹੈ।

ੳ) 1 ਅਤੇ 2 ਅ) 1, 2 ਅਤੇ 3
ੲ) 1 ਅਤੇ 3 ਸ) ਸਿਰਫ਼ 1

7. ਹੇਠਾਂ ਦਰਜ ਦਾ ਮੇਲ ਕਰੋ :

| | ਫੁੱਟਬਾਲ ਖਿਲਾੜੀ ਦਾ ਨਾਮ | ਦੇਸ਼/ਰਾਸ਼ਟਰੀ ਟੀਮ |
|---|---|---|
| ੳ) | ਮਾਰੀਓ ਸੁਆਰੇਜ਼ ਮਾਟਾ | 1. ਜਰਮਨੀ |
| ਅ) | ਗੈਰੇਥ ਬੇਲ | 2. ਸਪੇਨ |

ਏ) ਰੌਬਰਟ ਲਿਵੈਂਟੋਅਸਕੀ 3. ਵੇਲਜ਼

ਸ) ਮਾਰਕੋ ਰੁਇਸ 4. ਪੋਲੈਂਡ

ਸਹੀ ਕੋਡ ਚੁਣੋ :

| | A | B | C | D |
|---|---|---|---|---|
| a) | 1 | 2 | 3 | 4 |
| b) | 2 | 3 | 4 | 5 |
| c) | 3 | 2 | 4 | 1 |
| d) | 4 | 3 | 1 | 2 |

8. ਸਾਇਬਰ ਕੋਲੀਸ਼ਨ 2013 ਸੰਕੇਤ ਕਰਦੀ ਹੈ :

ੳ) ਨੇਟੋ (NATO) ਵੱਲੋਂ ਕੀਤਾ ਗਿਆ ਇਕ ਸਾਇਬਰ ਸੁਰੱਖਿਆ ਅਭਿਆਸ

ਅ) ਚੀਨ ਵੱਲੋਂ ਸਾਇਬਰ ਸੁਰੱਖਿਆ ਲਈ ਬਣਾਈ ਗਈ ਸੰਸਥਾ

ੲ) ਭਾਰਤ ਅਤੇ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵੱਲੋਂ ਸਾਇਬਰ ਸਪੇਸ ਦੀ ਸੁਰੱਖਿਆ ਲਈ ਬਣਾਈ ਕੋਲੀਸ਼ਨ

ਸ) ਰੂਸ ਵੱਲੋਂ ਕੀਤਾ ਸਾਇਬਰ ਸੁਰੱਖਿਆ ਅਭਿਆਸ

9. ਹੇਠ ਲਿਖੇ ਕਥਨਾਂ ਵਿੱਚੋਂ ਕਿਹੜੇ ਕਥਨ, ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਜਨਨੀ ਸ਼ਿਸ਼ੂ ਸੁਰਕਸ਼ਾ ਕਾਰਯਕਰਮ (JSSK) ਤਹਿਤ ਦਿੱਤੀ ਜਾਣ ਵਾਲੀਆਂ ਸਹੂਲਤਾਂ ਸਬੰਧੀ ਸਹੀ ਹਨ?

ੳ) ਗਰਭਵਤੀ ਔਰਤਾਂ ਦਾ ਮੁਫ਼ਤ, ਬਿਨਾਂ ਖਰਚ ਤੋਂ ਜਣੇਪਾ ਸਿਵਾਏ ਪੇਕ ਚਾਕ ਉਪਰੇਸ਼ਨ

ਅ) ਮੁਫ਼ਤ ਦਵਾਈਆਂ ਅਤੇ ਉਪਭੋਗ ਕਰਨ ਵਾਲੀਆਂ ਚੀਜ਼ਾਂ

ੲ) ਜ਼ਰੂਰੀ ਨਿਦਾਨ ਸਬੰਧੀ (ਡਾਇਗਨੌਸਟਿਕ) ਮਾਮੂਲੀ ਉਪਭੋਕਤਾ ਖਰਚੇ ਦੀ ਦਰ ਤੇ

ਸ) ਨਵ-ਜੰਮੇ ਬਿਮਾਰ ਬੱਚੇ ਦਾ ਜਨਮ ਤੋਂ 30 ਦਿਨ ਬਾਅਦ ਤੱਕ ਮੁਫ਼ਤ ਅਤੇ ਬਿਨਾਂ ਖਰਚ ਤੋਂ ਇਲਾਜ

ਸਹੀ ਉੱਤਰ ਚੁਣੋ :

ੳ) 1, 2 ਅਤੇ 3 ਅ) 2 ਅਤੇ 4

ੲ) 1 ਅਤੇ 4 ਸ) 1, 2, 3 ਅਤੇ 4

10. ਹੇਠ ਲਿਖੇ ਕਥਨਾਂ ਨੂੰ ਵਿਚਾਰੋ :

ੳ) ਨਕੋਸਾਜ਼ਾਨਾ ਦਲਾਮਿਨੀ-ਜ਼ੂਮਾ ਅਫ਼ਰੀਕਨ ਸੰਘ ਕਮਿਸ਼ਨ (AUC) ਦੀ ਪਹਿਲੀ ਮਹਿਲਾ ਪ੍ਰਧਾਨ ਬਣੀ ਹੈ।

ਅ) ਅਫ਼ਰੀਕਨ ਸੰਘ ਦਾ ਮੁੱਖ ਦਫ਼ਤਰ ਨਾਇਰੋਬੀ ਵਿਖੇ ਹੈ।


ੲ) ਸਾਰੇ ਅਫ਼ਰੀਕੀ ਦੇਸ਼ ਅਫ਼ਰੀਕਨ ਸੰਘ ਦੇ ਮੈਂਬਰ ਹਨ।

ਉਪਰੋਕਤ ਕਥਨਾਂ ਵਿਚੋਂ ਕਿਹੜੇ ਕਥਨ ਸਹੀ ਹੈ/ਹਨ?

ੳ) ਸਿਰਫ਼ 1 ਅ) 2 ਅਤੇ 3

ੲ) 1 ਅਤੇ 3 ਸ) 1, 2 ਅਤੇ 3

**(ਉੱਤਰ ਬਾਕੀ ਸਫ਼ਾ 36 'ਤੇ)**



# ਸਿਰਮੌਰ ਸ਼ਖ਼ਸ਼ੀਅਤ ਮਾਸਟਰ ਤਾਰਾ ਸਿੰਘ

**ਮਾਸਟਰ ਤਾਰਾ ਸਿੰਘ (1885-1967)** - ਮਾਸਟਰ ਤਾਰਾ ਸਿੰਘ ਦਾ ਜਨਮ ਰਾਵਲਪਿੰਡੀ ਦੇ ਇਕ ਪਿੰਡ ਦੇ ਹਿੰਦੂ ਪਰਿਵਾਰ ਵਿਚ ਹੋਇਆ। ਪਤਿਾ ਪੇਸ਼ੇ ਵਜੋਂ ਪਟਵਾਰੀ ਸਨ। ਉਹ ਸਤਾਰਾਂ ਸਾਲ ਦੀ ਉਮਰ ਵਿਚ ਸਿੱਖ ਬਣੇ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਪੜ੍ਹਾਈ ਉਪਰੰਤ ਕੁਝ ਸਮਾਂ ਖ਼ਾਸਾ ਸਕੂਲ ਦੀ ਬ੍ਾਇਨਾਮ ਤਨਖਾਹ ਲੈ ਕੇ ਹੈਡਮਾਸਟਰੀ ਕੀਤੀ ਤੇ ਫਿਰ ਲਾਇਲਪੁਰ ਖ਼ਾਲਸਾ ਸਕੂਲ ਵਿਚ ਸੇਵਾ ਭਾਵ ਨਾਲ ਹੈਡਮਾਸਟਰੀ ਕਰਦੇ ਰਹੇ। ਇਸ ਤਿਆਗ ਨੇ ਮਾਸਟਰ ਤਾਰਾ ਸਿੰਘ ਜੀ ਦਾ ਪੰਥ ਵਿਚ ਸਤਿਕਾਰ ਪੈਦਾ ਕੀਤਾ। ਮਾਸਟਰ ਤਾਰਾ ਸਿੰਘ ਨੇ ਖ਼ਾਲਸਾ ਕਾਲਜ ਮੁੰਬਈ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਖੇ ਸਥਾਪਿਤ ਕਰਨ ਵਿਚ ਸਹਾਇਤਾ ਕੀਤੀ।

ਮਾਸਟਰ ਤਾਰਾ ਸਿੰਘ ਅਕਾਲੀ ਦਲ ਵੱਲੋਂ ਚਲਾਈ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਿਲ ਹੋਏ। ਉਨ੍ਹਾਂ ਨੇ ਸਿਖਾਂ ਦੇ ਇਕ ਬੁਲਾਰੇ ਵਜੋਂ ਕੰਮ ਕੀਤਾ ਅਤੇ ਸਿੱਖਾਂ ਨੂੰ ਇਕ ਵੱਖਰੀ ਜਾਤੀ ਮੰਨਿਆ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਵੀ ਮਹਾਨ ਕੰਮ ਕੀਤਾ ਅਤੇ 1930 ਦੀ ਸਿਵਲ ਨਾਫੁਰਮਾਨੀ ਲਹਿਰ ਵਿਚ ਪੂਰੀ ਤਰ੍ਹਾਂ ਭਾਗ ਲਿਆ। ਜਦੋਂ ਉਹ ਜੇਲ੍ਹ ਵਿਚ ਸਨ ਤਾਂ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਅਤੇ ਕਾਫੀ ਸਮੇਂ ਤੱਕ ਅਕਾਲੀ ਦਲ ਦੇ ਪ੍ਰਧਾਨ ਰਹੇ।

ਗਈ, ਜਿਸ ਵਿਚ ਬਹੁਗਿਣਤੀ ਹਿੰਦੂਆਂ ਦੀ ਸੀ। ਮਹਾਸ਼ਾ ਅਖ਼ਬਾਰ ਜਨੂੰਨ ਹੇਠ ਪੰਜਾਬੀ ਨੂੰ ਸਾਹਿਤਕ ਭਾਸ਼ਾ ਮੰਨਣ ਲਈ ਤਿਆਰ ਨਹੀਂ ਸਨ। ਪੰਜਾਬੀ ਨੂੰ ਗਵਾਰੂ ਭਾਸ਼ਾ ਕਿਹਾ ਅਤੇ ਇਸ ਦੀ ਪੜ੍ਹਾਈ-ਲਿਖਾਈ ਲਈ ਸਕੂਲਾਂ ਵਿਚ ਯੋਗ ਥਾਂ ਨਾ ਮਿਲਣ ਕਾਰਨ ਇਸ ਦੀ ਹੋਂਦ ਨੂੰ ਕਾਇਮ ਕਰਨ ਲਈ ਮਾਸਟਰ ਜੀ ਨੇ ਸਚਰ ਫਾਰਮੂਲਾ ਬਣਾਇਆ, ਜਿਸ ਅਨੁਸਾਰ ਘੱਗਰ ਤੋਂ ਪੱਛਮ ਵੱਲ ਹਰ ਸਕੂਲ ਵਿਚ ਪਹਿਲੀਆਂ ਚਾਰ ਜਮਾਤਾਂ ਤੱਕ ਪੰਜਾਬੀ ਅਤੇ ਘੱਗਰ ਤੋਂ ਪੂਰਬ ਵੱਲ ਹਰ ਸਕੂਲ ਵਿਚ ਪਹਿਲੀਆਂ ਚਾਰ ਜਮਾਤਾਂ ਤੱਕ ਹਿੰਦੀ ਤੇ ਉਪਰੰਤ ਪੰਜਾਬੀ ਦੀ ਪੜ੍ਹਾਈ ਨੂੰ ਮੰਨਿਆ ਗਿਆ। ਪਰ ਮਹਾਸ਼ਾ ਅਸਰ ਹੇਠ ਚਲ ਰਹੇ ਸਕੂਲਾਂ ਨੇ ਇਸ ਅਨੁਸਾਰ ਵੀ ਅਮਲ ਨਾ ਹੋਣ ਦਿੱਤਾ। ਸਿੱਖਾਂ ਨੂੰ ਪੰਜਾਬੀ ਜ਼ਬਾਨ ਦੀ ਮਾਨਤਾ ਨਾਲ ਕੁਝ ਤਸੱਲੀ ਹੋਈ। ਇਹ ਮਾਸਟਰ ਤਾਰਾ ਸਿੰਘ ਜੀ ਦੀ ਇਕ ਜਿੱਤ ਹੀ ਸਮਝੀ ਗਈ ਸੀ।

ਵੰਡ ਤੋਂ ਬਾਅਦ ਮਾਸਟਰ ਜੀ ਨੇ ਸਿੱਖਾਂ ਦੀ ਵੱਧ ਵਸੋਂ ਵਾਲੇ ਭਾਗ ਨੂੰ ਸਿੱਖ ਰਾਜ ਬਣਾਉਣ ਦਾ ਪੂਰਾ ਯਤਨ ਕੀਤਾ। ਉਨ੍ਹਾਂ ਨੇ 1961 ਵਿਚ 43 ਦਿਨ ਤੱਕ ਪੰਜਾਬੀ ਬੋਲਣ ਵਾਲਾ ਵੱਖਰਾ ਰਾਜ ਬਨਾਉਣ ਲਈ ਵਰਤ ਰੱਖਿਆ। ਨਵੀਂ ਦਿੱਲੀ ਨੇ ਉਨ੍ਹਾਂ ਦੀ ਮੰਗ ਨੂੰ ਫਿਰਕਾਪ੍ਰਸਤ ਕਹਿ ਕੇ ਠੁਕਰਾ ਦਿੱਤਾ ਤੇ ਅਕਾਲੀ ਦਲ ਦੀ ਲੀਡਰਸ਼ਿਪ ਹੋਰ ਹੱਥਾਂ ਵਿਚ ਚਲੀ ਗਈ। 1966 ਵਿਚ ਪੰਜਾਬ ਦੀ ਹੱਦ-ਬੰਦੀ ਕੀਤੀ ਗਈ ਜਿਸ ਵਿਚ ਸਿੱਖਾਂ ਦੀ ਬਹੁਗਿਣਤੀ ਵਾਲੇ ਖੇਤਰ ਨੂੰ 1 ਨਵੰਬਰ 1966 ਨੂੰ ਪੰਜਾਬ ਰਾਜ ਦਾ ਦਰਜਾ ਦਿੱਤਾ ਗਿਆ ਅਤੇ ਪੰਜਾਬ ਨੂੰ ਸਰਕਾਰੀ ਭਾਸ਼ਾ ਹੋਣ ਦਾ ਮਾਣ ਪ੍ਰਾਪਤ ਹੋਇਆ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਰੁੱਖਾਂ ਦੀ ਸਭਿਆਚਾਰਕ ਪਛਾਣ

ਰਾਜਵੰਤ ਕੌਰ ਪੰਜਾਬੀ (ਡਾ.)



ਪ੍ਰਕਿਰਤੀ ਵਿਚ ਸਾਵਾਂਪਣ ਬਣਾਈ ਰੱਖਣ ਲਈ ਰੁੱਖਾਂ ਦੀ ਕਾਰਜਾਤਮਕ ਮਹੱਤਤਾ ਹੈ। ਜੇ ਧਰਤੀ ਉਤੇ ਰੁੱਖ ਜਾਂ ਜੰਗਲ ਨਾ ਹੁੰਦੇ ਤਾਂ ਧਰਤੀ ਦੀ ਹਾਲਤ ਕੁਝ ਹੋਰ ਹੀ ਹੋਣੀ ਸੀ ਅਤੇ ਮਨੁੱਖੀ ਜੀਵਨ ਸੰਭਵ ਨਹੀਂ ਸੀ ਹੋਣਾ। ਵਰਤਮਨ ਸਮੇਂ ਵਿਚ ਧਰਤੀ ਉਤੇ ਹੋ ਰਹੀ ਜੰਗਲਾਂ ਦੀ ਲਗਾਤਾਰ ਅਤੇ ਅੰਨ੍ਹੇਵਾਹ ਕਟਾਈ ਦਾ ਰੁਝਾਨ ਸਥਿਤੀ ਨੂੰ ਸੰਕਟਮਈ ਬਣਾ ਰਿਹਾ ਹੈ। ਇਹ ਕਰੁਚੀ ਮਾਨਵੀ ਜੀਵਨ ਦੇ ਰਾਹ ਵਿਚ ਕੰਡੇ ਬੀਜ ਰਹੀ ਹੈ ਜਿਸ ਦਾ ਸਿੱਟਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ।

ਸਭਿਆਚਾਰਕ ਪ੍ਰਸੰਗ ਵਿਚ ਰੁੱਖਾਂ ਦਾ ਮਨੁੱਖੀ ਜ਼ਿੰਦਗੀ ਨਾਲ ਅਟੁੱਟ ਰਿਸ਼ਤਾ ਹੈ ਕਿਉਂਕਿ ਜੁਗਾਂ-ਜੁਗਾਂਤਰਾਂ ਤੋਂ ਇਹ ਮਨੁੱਖ ਨਾਲ ਆਪਣੀ ਸਾਂਝ ਨਿਭਾਉਂਦੇ ਆ ਰਹੇ ਹਨ। ਵੇਦਾਂ, ਗ੍ਰੰਥਾਂ ਵਿਚ ਇਨ੍ਹਾਂ ਦੀ ਪ੍ਰਕ੍ਰਿਤਕ ਮਹੱਤਤਾ ਦਰਸਾਈ ਗਈ ਹੈ। ਜੰਗਲ, ਮਨੁੱਖ ਨੂੰ ਸ਼ੁੱਧ ਵਾਤਾਵਰਨ ਅਤੇ ਸ਼ਾਂਤ ਮਾਹੌਲ ਦਿੰਦੇ ਹਨ। ਇਸ ਕਰਕੇ ਪੁਰਾਣੇ ਸਮਿਆਂ ਵਿਚ ਭਗਤੀ ਅਤੇ ਵਿੱਦਿਆ ਦੀ ਪ੍ਰਾਪਤੀ ਦੇ ਚਾਹਵਾਨ ਜੰਗਲਾਂ ਵਿਚ ਜਾਂਦੇ ਰਹੇ ਹਨ।

ਆਦਿ ਮਨੁੱਖ ਰੁੱਖਾਂ ਥੱਲੇ ਆਪਣੀ ਰਿਹਾਇਸ਼ ਕਰਦਾ ਰਿਹਾ ਹੈ। ਉਹ ਢਿੱਡ ਭਰਨ ਲਈ ਫਲ ਅਤੇ ਪੱਤਿਆਂ ਨੂੰ ਵਰਤਦਾ ਰਿਹਾ ਹੈ ਅਤੇ ਕੁਝ ਸੋਝੀ ਆਉਣ ਤੇ ਰੁੱਖਾਂ ਦੇ ਪੱਤਿਆਂ ਨਾਲ ਆਪਣਾ ਤਨ ਢੱਕਣ ਦਾ ਕਾਰਜ ਵੀ ਕਰਦਾ ਰਿਹਾ ਹੈ। ਅਰਥਾਤ ਰੁੱਖ ਹੀ ਮਨੁੱਖ ਦੀਆਂ ਰੋਟੀ, ਕੱਪੜਾ ਅਤੇ ਮਕਾਨ ਸੰਬੰਧੀ ਮੁੱਢਲੀਆਂ ਲੋੜਾਂ ਪੂਰੀਆਂ ਕਰਦੇ ਹਨ। ਕੁਦਰਤ ਨੇ ਮਨੁੱਖ ਤੋਂ ਪਹਿਲਾਂ ਜੰਗਲ-ਬੇਲੇ ਇਸ ਲਈ ਪੈਦਾ ਕੀਤੇ ਕਿਉਂਕਿ ਇਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਅਸੰਭਵ ਸੀ। ਕਿਸੇ ਕਵੀ ਦੇ ਬੋਲ ਵੀ ਕੁਦਰਤ ਦੇ ਇਸ ਕਾਨੂੰਨ ਦੀ ਗਵਾਹੀ ਭਰਦੇ ਨਜ਼ਰ ਆਉਂਦੇ ਹਨ:

**ਪਹਿਲਾਂ ਬਣੀ ਪਰਾਲਬਧ, ਪਾਛੇ ਬਣਿਆ ਸਰੀਰ।**

ਭਾਵ ਮਨੁੱਖ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਆਹਾਰ ਦਾ ਇੰਤਜ਼ਾਮ ਕੁਦਰਤ ਵੱਲੋਂ ਹੋ ਜਾਂਦਾ ਹੈ। ਆਹਾਰ ਤੋਂ ਬਿਨਾਂ ਹੋਰ ਵੀ ਕਿਸੇ ਨਾ ਕਿਸੇ ਰੂਪ ਵਿਚ ਰੁੱਖ ਸਾਡੇ ਕੰਮ ਆਉਂਦੇ ਰਹਿੰਦੇ ਹਨ। 'ਪਰਾਲਬਧ' ਵਾਸਤੇ ਪੁਰਾਣਾ ਮਨੁੱਖ ਰੁੱਖਾਂ ਤੇ ਹੀ ਨਿਰਭਰ ਕਰਦਾ ਸੀ। ਸ਼ਾਇਦ ਇਸੇ ਕਰਕੇ ਉਸ ਨੇ ਇਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਸੀ। ਪੂਜਾ ਤੋਂ ਅੱਗੇ ਚੱਲ ਕੇ ਲੋਕਾਂ ਨੇ ਕਈ ਰੁੱਖਾਂ ਹੇਠ ਖੜ੍ਹੋ ਕੇ ਸੁੱਖਾਂ ਸੁੱਖਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਫੇਰ ਰੁੱਖਾਂ ਥੱਲੇ ਥੜ੍ਹੇ ਬਣਨੇ ਸ਼ੁਰੂ ਹੋ ਗਏ। ਇਸ ਤਰ੍ਹਾਂ ਪੂਜਾ ਦੀ ਸਮੱਗਰੀ ਵੀ ਵਰਤੋਂ ਵਿਚ ਆਉਣ ਲੱਗੀ ਅਤੇ ਰੁੱਖਾਂ ਪ੍ਰਤੀ ਮਨੁੱਖ ਦਾ ਸਤਿਕਾਰ ਹੋਰ ਵੀ ਵੱਧ ਗਿਆ।

ਕਈ ਰੁੱਖਾਂ ਦਾ ਖ਼ਾਸ ਮੌਸਮਾਂ ਨਾਲ ਵਿਸ਼ੇਸ਼ ਸੰਬੰਧ ਜੁੜਿਆ ਹੋਇਆ ਹੈ। ਸਾਉਣ ਦਾ ਮਹੀਨਾ ਸ਼ੁਰੂ ਹੁੰਦਿਆਂ ਹੀ ਕੁੜੀਆਂ ਇਕ ਦੂਜੀ ਨੂੰ ਪਿੱਪਲ ਤੇ ਪੀਂਘ ਪਾਉਣ ਦਾ ਸੱਦਾ ਦਿੰਦੀਆਂ ਹਨ। ਗਰਮੀ ਤੋਂ ਬਚਾਉ ਲਈ ਰੁੱਖਾਂ ਦੀਆਂ ਛਾਵਾਂ ਅਤੇ ਸੁਹਾਵਣੇ ਮੌਸਮ ਦਾ ਆਨੰਦ ਲੈਣ ਲਈ ਮੁਟਿਆਰਾਂ ਵੱਲੋਂ ਰੁੱਖਾਂ ਉਤੇ ਪੀਂਘ ਪਾ ਕੇ ਤੀਆਂ ਦੇ ਤਿਉਹਾਰ ਦਾ ਆਨੰਦ ਮਾਣਿਆ ਜਾਂਦਾ ਹੈ। ਪਿੱਪਲ ਦੇ ਰੁੱਖ ਨੂੰ ਪਵਿੱਤਰ ਮੰਨ ਕੇ ਉਸ ਤੋਂ ਸਵਰਗਾਂ ਦਾ ਰਾਹ ਪੁੱਛਿਆ ਜਾਂਦਾ ਹੈ:

**'ਪਿੱਪਲਾ ਦੱਸ ਦੇ ਵੇ, ਕਿਹੜਾ ਰਾਹ ਸੁਰਗਾਂ ਨੂੰ ਜਾਵੇ?'**

ਇਸ ਕਰਕੇ ਪਿੱਪਲ ਆਪਣੇ ਧੰਨ ਭਾਗ ਸਮਝਦਾ ਹੈ ਤੇ ਸਾਉਣ ਦੇ ਮਹੀਨੇ ਕੁੜੀਆਂ ਵੱਲੋਂ ਉਸ ਉਤੇ ਪੀਂਘਾਂ ਪਾਉਣ ਤੇ ਉਹ ਆਪਣੀ ਖ਼ੁਸ਼ੀ ਦਾ ਇਜ਼ਹਾਰ ਲੋਕ ਗੀਤਾਂ ਰਾਹੀਂ ਕਰਦਾ ਹੈ।

'ਪਿੱਪਲ' ਪੰਜਾਬੀ ਸੱਭਿਆਚਾਰ ਵਿਚ ਇਕ ਬਹੁ ਮੰਤਵੀ ਰੁੱਖ ਵਜੋਂ ਵਿਚਰਦਾ ਹੈ। ਆਪਣੇ ਪਿਆਰ ਨੂੰ ਘਰ ਦੀ ਨਿਸ਼ਾਨੀ ਦੱਸਣ ਲਈ ਕਈ

ਵਾਰ ਮੁਟਿਆਰ ਨੂੰ ਬੂਹੇ ਮੂਹਰੇ ਲੱਗੇ ਪਿੱਪਲ ਦਾ ਸਹਾਰਾ ਲੈਣਾ ਪੈਂਦਾ ਹੈ। ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਲਈ ਪਿੱਪਲ ਨੂੰ 'ਸੱਚੇ ਮਿੱਤਰ' ਦਾ ਦਰਜਾ ਪ੍ਰਾਪਤ ਹੈ। ਜਦੋਂ ਸਭ ਪਾਸੇ ਬਹਾਰ ਛਾਈ ਹੁੰਦੀ ਹੈ ਤਾਂ ਪਿੱਪਲ ਤੇ ਵੀ ਬਹਾਰ ਆਉਂਦੀ ਹੈ। ਇਸ ਬਹਾਰ ਦੇ ਸਮੇਂ ਕੋਈ ਵੀ ਮੁਟਿਆਰ ਆਪਣੇ ਮਾਹੀ ਜਾਂ ਪ੍ਰੇਮੀ ਤੋਂ ਦੂਰ ਹੋ ਕੇ ਖਿਜ਼ਾਂ ਦਾ ਮੌਸਮ ਨਹੀਂ ਲਿਆਣਾ ਚਾਹੁੰਦੀ। ਜੇ ਕਿਸੇ ਮਜ਼ਬੂਰੀ ਵੱਸ ਉਹ ਦੇ ਮਾਹੀ ਨੂੰ ਪ੍ਰਦੇਸ ਜਾਣਾ ਵੀ ਪੈ ਜਾਵੇ ਤਾਂ ਉਹ ਪਿੱਪਲ ਨਾਲ ਹੀ ਆਪਣੇ ਦੁੱਖ-ਸੁੱਖ ਸਾਂਝੇ ਕਰਦੀ ਹੈ :

**ਪਿੱਪਲ ਦਿਆ ਪੱਤਿਆ**
**ਕੇਹੀਆਂ ਛੱਡੀਆਂ ਲਗਰਾਂ ਵੇ**
**ਢੋਲ ਪਰਦੇਸੀ ਮੇਰਾ,**
**ਕੌਣ ਲਿਆਵੇ ਖ਼ਬਰਾਂ ਵੇ?**

'ਪਿੱਪਲ' ਨੂੰ ਪੰਜਾਬੀ ਸਭਿਆਚਾਰ ਵਿਚ ਇਸ ਕਰਕੇ ਵਿਸ਼ੇਸ਼ ਸਥਾਨ ਪ੍ਰਾਪਤ ਹੈ ਕਿਉਂਕਿ ਮਹਾਤਮਾ ਬੁੱਧ ਨੂੰ ਪਿੱਪਲ ਹੇਠਾਂ 'ਆਤਮ ਗਿਆਨ' ਦੀ ਸੋਝੀ ਹੋਈ ਸੀ ਅਤੇ ਜੀਵ ਦੇ ਨਾਸ਼ਵਾਨ ਹੋਣ ਦਾ ਸੰਕਲਪ ਦ੍ਰਿੜ੍ਹ ਹੋਇਆ ਸੀ। ਹਿੰਦੂ ਲੋਕ ਪਿੱਪਲ ਨੂੰ 'ਬ੍ਰਹਮਾ' ਦਾ ਅਵਤਾਰ ਮੰਨਦੇ ਹਨ। ਲੋਕ ਮੱਤ ਹੈ ਕਿ ਪਿੱਪਲ ਦੀ ਪੂਜਾ ਕਰਨ ਨਾਲ ਬ੍ਰਹਮਾ ਦੀ ਪੂਜਾ ਹੋ ਜਾਂਦੀ ਹੈ। ਇਸ ਤਰ੍ਹਾਂ ਇਸ ਰੁੱਖ ਦਾ ਧਾਰਮਿਕ ਮਹੱਤਵ ਵੀ ਪ੍ਰਗਟ ਹੋ ਜਾਂਦਾ ਹੈ। ਪਿੱਪਲ ਨੂੰ ਕਈ ਬੀਮਾਰੀਆਂ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਹੈ। ਇਸ ਦੀ ਸੁੱਕੀ ਛਿੱਲ ਨੂੰ ਸਾੜ ਕੇ, ਪਾਣੀ ਵਿਚ ਘੋਲਣ ਉਪਰੰਤ ਪੁਣ ਕੇ ਪਿਆਉਣ ਨਾਲ ਉਲਟੀਆਂ, ਟੱਟੀਆਂ ਅਤੇ ਮਰੋੜ ਦੂਰ ਹੋ ਜਾਂਦੇ ਹਨ। ਦੰਦਾਂ ਤੇ ਮਸੂੜਿਆਂ ਦੇ ਰੋਗਾਂ ਲਈ ਵੀ ਇਸ ਦੀ ਛਿੱਲ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀ ਛਿੱਲ ਚਮੜਾ ਰੰਗਣ ਦੇ ਕੰਮ ਆਉਂਦੀ ਹੈ। ਇਸ ਦੀ ਲਾਖ ਤੋਂ ਬਟਨ, ਮੋਮ ਅਤੇ ਪਲਾਸਟਿਕ ਦੀਆਂ ਤਾਰਾਂ ਉਪਰ ਚੜ੍ਹਾਉਣ ਵਾਲਾ ਪਲਾਸਟਿਕ ਬਣਾਇਆ ਜਾਂਦਾ ਹੈ।

'ਬੋਹੜ' ਦਾ ਰੁੱਖ ਆਪਣੀ ਵਡੇਰੀ ਉਮਰ ਅਤੇ ਸੰਘਣੇਪਣ ਲਈ ਪ੍ਰਸਿੱਧ ਹੈ। ਇਹ ਕਈ ਸੌ ਸਾਲ ਜਿਉਂਦਾ ਰਹਿੰਦਾ ਹੈ ਅਤੇ 70 ਤੋਂ 100 ਫੁੱਟ ਤੱਕ ਉਚਾ ਹੋ ਜਾਂਦਾ ਹੈ। ਇਸ ਦੀਆਂ ਜੜ੍ਹਾਂ ਧਰਤੀ ਵਿਚ ਬਹੁਤ ਦੂਰ ਤੱਕ ਆਪਣੀ ਪਕੜ ਬਣਾਈ ਰੱਖਦੀਆਂ ਹਨ। ਪੁਰਾਣੇ ਸਮੇਂ ਵਿਚ ਰਿਸ਼ੀ ਮੁਨੀ ਇਸ ਹੇਠਾਂ ਬੈਠ ਕੇ ਤਪੱਸਿਆ ਕਰਦੇ ਸਨ। ਸ਼ਾਇਦ ਏਸੇ ਕਰਕੇ ਕਈ ਲੋਕ ਬੋਹੜ ਦੇ ਰੁੱਖ ਦੀ ਪੂਜਾ ਕਰਦੇ ਹਨ। ਬੋਹੜ ਨੂੰ ਬੜ ਜਾਂ ਬਰੋਟਾ ਵੀ ਕਿਹਾ ਜਾਂਦਾ ਹੈ। ਇਸ ਦੀ ਲੱਕੜ ਸਿਰਫ਼ ਬਾਲਣ ਦੇ ਕੰਮ ਆਉਂਦੀ ਹੈ। ਇਸ ਕਰਕੇ ਅੱਜਕਲ੍ਹ ਇਹ ਰੁੱਖ ਘੱਟ ਨਜ਼ਰ ਆਉਂਦਾ ਹੈ। ਇਹ ਗਰਮੀਆਂ ਵਿਚ ਠੰਡੀ ਤੇ ਸੰਘਣੀ ਛਾਂ ਦਿੰਦਾ ਹੈ। ਇਸ ਦੇ ਪੱਤੇ, ਦੁੱਧ, ਛਿੱਲ ਅਤੇ ਦਾੜ੍ਹੀ ਨੂੰ ਕਈ ਦਵਾਈਆਂ ਵਿਚ ਵਰਤਿਆ ਜਾਂਦਾ ਹੈ। ਨਕਸੀਰ ਬੰਦ ਕਰਨ ਲਈ ਇਸ ਦੇ ਛੋਟੇ-ਛੋਟੇ ਨਰਮ ਪੱਤੇ ਪਾਣੀ ਵਿਚ ਘੋਟ ਕੇ ਮਿਸ਼ਰੀ ਮਿਲਾ ਕੇ ਦਿੱਤੇ ਜਾਂਦੇ ਹਨ। ਦਿਲ, ਦਿਮਾਗ਼ ਤੇ ਸਿਰ ਦੀਆਂ ਬੀਮਾਰੀਆਂ ਠੀਕ ਕਰਨ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

ਆਮ ਤੌਰ ਤੇ ਬਰੋਟੇ ਦਾ ਰੁੱਖ ਪਿੱਪਲ ਨਾਲੋਂ ਭਾਰਾ ਹੁੰਦਾ ਹੈ। ਦੋਵੇਂ ਉਚੇ, ਲੰਮੇ ਅਤੇ ਵੱਡਅਕਾਰੀ ਰੁੱਖ ਹੁੰਦੇ ਹਨ। ਜਿਵੇਂ ਕਿਸੇ ਮੁਟਿਆਰ ਨੂੰ ਸਹੁਰਿਆਂ ਨਾਲੋਂ ਆਪਣੇ ਪੇਕਿਆਂ ਤੇ ਜ਼ਿਆਦਾ ਮਾਣ ਹੁੰਦਾ ਹੈ ਉਸੇ ਤਰ੍ਹਾਂ ਲੋਕ ਮਨ ਵੱਲੋਂ ਬਰੋਟੇ ਨਾਲੋਂ ਜ਼ਿਆਦਾ ਪਿੱਪਲ ਦੇ ਰੁੱਖ ਨੂੰ ਮਾਨਤਾ ਦਿੱਤੀ ਗਈ ਹੈ। ਭਾਵੇਂ ਵੱਡੇ ਤੇ ਚੌੜੇ ਪੱਤਿਆਂ ਕਾਰਨ ਬਰੋਟੇ ਦੀ ਛਾਂ ਵੀ ਸੰਘਣੀ ਤੇ ਜ਼ਿਆਦਾ ਹੁੰਦੀ ਹੈ ਪਰ ਨਵਵਿਆਹੁਲੀ ਨੂੰ ਆਪਣੇ ਕੇਸ ਸੁਕਾਉਣ ਲਈ ਬਰੋਟੇ ਦੀ ਛਾਂ ਚੰਗੀ ਨਹੀਂ ਲੱਗਦੀ :

**ਘੁੰਮ ਘੁੰਮ ਬਰੋਟੇ ਵੇ, ਤੇਰੀ ਛਾਵੇਂ ਮੈਂ ਖੜ੍ਹੀ।**
**ਖੜ੍ਹੀ ਖੜ੍ਹੀ ਮੈਂ ਸੁਕਾਵਾਂ, ਕਾਲੇ ਕਾਲੇ ਕੇਸ।**
**ਹਵਾ ਨਹੀਂ ਲੱਗਦੀ, ਕੇਸ ਨਹੀਂ ਸੁੱਕਦੇ**
**ਹੁਣ ਚੇਤੇ ਆਂਵਦਾ, ਵੇ ਬਾਬਲ ਤੇਰਾ ਦੇਸ।**

ਜਿਨ੍ਹਾਂ ਮੁਟਿਆਰਾਂ ਦੇ ਮਾਹੀ ਕੋਲ ਹੁੰਦੇ ਹਨ ਉਹ ਤਾਂ ਖੁਸ਼ੀ ਖੁਸ਼ੀ ਬੋਹੜ ਦੇ ਰੁੱਖ ਤੇ ਪੀਂਘਾਂ ਝੂਟਦੀਆਂ ਹਨ ਪਰ ਜੇ ਕਿਸੇ ਮੁਟਿਆਰ ਦਾ ਮਾਹੀ ਕੋਲ ਨਾ ਹੋਵੇ ਤਾਂ ਉਹ ਦੂਜੀਆਂ ਸਹੇਲੀਆਂ ਨੂੰ ਪੀਂਘਾਂ ਝੂਟਦੀਆਂ ਵੇਖ ਕੇ ਇਕ ਹਉਕਾ ਜਿਹਾ ਲੈਂਦੀ ਹੈ। ਵਿਹੜੇ ਲੱਗਾ ਬੋਹੜ ਜੇ ਕਿਤੇ ਮੁਟਿਆਰ ਦੇ ਪਿਤਾ ਨੇ ਲਾਇਆ ਹੋਵੇ ਤਾਂ ਉਹ ਖੁਸ਼ੀ ਵਿਚ ਝੂਮਦੀ ਸਹੇਲੀਆਂ ਕੋਲ ਮਾਣ ਭਰੇ ਜਜ਼ਬਿਆਂ ਨੂੰ ਪ੍ਰਗਟ ਕਰਦੀ ਹੈ :

**ਮੇਰੇ ਬਾਪ ਦਾ ਲਗਾਇਆ**
**ਹੋਇਆ, ਬੜ (ਬਰੋਟਾ) ਵੇ,**
**ਜੜ੍ਹਾਂ ਨੇ ਪਤਾਲੀਂ ਜੀਹਦੀਆਂ।**

ਰੁੱਖ ਪੰਜਾਬੀ ਸਭਿਆਚਾਰ ਦੀ ਜਿੰਦ-ਜਾਨ ਹਨ। ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ 'ਕਿੱਕਰ' ਦੇ ਰੁੱਖ ਦਾ ਜ਼ਿਕਰ ਅਕਸਰ ਸੁਣਨ-ਗਾਉਣ ਵਿਚ ਆਉਂਦਾ ਹੈ। ਇਹ 'ਭਾਰਤੀ' ਅਤੇ 'ਪਹਾੜੀ' ਦੋ ਕਿਸਮ ਦੀ ਹੁੰਦੀ ਹੈ। ਭਾਰਤੀ ਕਿੱਕਰ ਦੀ ਉਚਾਈ 50-60 ਫੁੱਟ ਹੁੰਦੀ ਹੈ। ਅੰਗਰੇਜ਼ੀ ਵਿਚ ਇਸ ਨੂੰ 'ਬਬੂਲ' ਕਿਹਾ ਜਾਂਦਾ ਹੈ। ਇਸ ਰੁੱਖ ਦਾ ਆਮ ਲੋਕਾਂ ਨਾਲ ਬੜਾ ਵਾਹ-ਵਾਸਤਾ ਰਿਹਾ ਹੈ। ਇਸ ਦੀ ਲੱਕੜ ਬਾਲਣ ਦੇ ਕੰਮ ਵੀ ਆਉਂਦੀ ਹੈ ਅਤੇ ਫਰਨੀਚਰ ਬਣਾਉਣ ਦੇ ਵੀ। ਇਸ ਤਰ੍ਹਾਂ ਇਹਦੀ ਲੱਕੜ ਤਰ੍ਹਾਂ-ਤਰ੍ਹਾਂ ਦੇ ਕੰਮ ਆਉਂਦੀ ਹੈ ਜਿਸ ਦੀ ਗਵਾਹੀ ਪੰਜਾਬੀ ਲੋਕਗੀਤ ਵੀ ਭਰਦੇ ਹਨ :

**ਛੇਤੀ ਛੇਤੀ ਵਧ ਕਿੱਕਰੇ**
**ਅਸੀਂ ਸੱਸ ਦਾ ਸੰਦੂਕ ਬਣਾਉਣਾ।**

ਇਸ ਦੀ ਛਿੱਲ ਕੱਪੜਾ ਤੇ ਚਮੜਾ ਰੰਗਣ ਦੇ ਕੰਮ ਆਉਂਦੀ ਹੈ। ਪਿੰਡਾਂ ਵਿਚ ਦੇਸੀ ਸ਼ਰਾਬ ਬਣਾਉਣ ਲਈ ਵੀ ਇਸ ਦੀ ਛਿੱਲ ਦੀ ਵਰਤੋਂ ਕੀਤੀ ਜਾਂਦੀ ਹੈ। ਕਿੱਕਰ ਦੇ ਸੱਕ, ਫੁੱਲ ਅਤੇ ਤੁੱਕਿਆਂ ਤੋਂ ਕਈ ਬਿਮਾਰੀਆਂ ਦੇ ਇਲਾਜ ਲਈ ਦੇਸੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਗਲਾ ਖਰਾਬ ਹੋਣ ਤੇ ਇਸ ਦੇ ਸੱਕ ਨੂੰ ਪਾਣੀ ਵਿਚ ਭਿਉਂ ਕੇ ਗਰਾਰੇ ਕੀਤੇ ਜਾਂਦੇ ਹਨ। ਵੈਦ ਲੋਕ ਕਿੱਕਰ ਦੇ ਫੁੱਲਾਂ ਦੀ ਗੁਲਕੰਦ ਬਣਾਉਂਦੇ ਹਨ ਜੋ ਫੋੜੇ ਫਿੰਸੀਆਂ ਦੂਰ ਕਰਨ ਲਈ ਉਪਯੋਗੀ ਮੰਨੀ ਜਾਂਦੀ ਹੈ ਅਤੇ ਖ਼ੂਨ ਵੀ ਸਾਫ਼ ਕਰਦੀ ਹੈ। ਇਸ ਦੇ ਫੁੱਲ ਲਕੋਰੀਆਂ ਬੀਮਾਰੀ ਦੇ ਇਲਾਜ ਲਈ ਵੀ ਵਰਤੇ ਜਾਂਦੇ ਹਨ। ਇਸ ਦੇ ਤੁੱਕੇ ਜਿਥੇ ਬੱਕਰੀਆਂ ਲਈ ਪਸੰਦੀਦਾ ਆਹਾਰ ਬਣਦੇ ਹਨ ਉਥੇ ਮਨੁੱਖੀ ਪਾਚਨ ਸ਼ਕਤੀ ਨੂੰ ਤੰਦਰੁਸਤ ਕਰਨ ਲਈ ਤੁੱਕਿਆਂ ਦਾ ਆਚਾਰ ਵੀ ਪਾਇਆ

ਜਾਂਦਾ ਹੈ।

ਕਿੱਕਰ ਦੀ ਦਾਤਣ ਦੀ ਰੋਜ਼ਾਨਾ ਵਰਤੋਂ ਹੁੰਦੀ ਹੈ। ਭਾਵੇਂ ਆਧੁਨਿਕ ਸਮੇਂ ਵਿਚ ਦੰਦ ਸਾਫ਼ ਕਰਨ ਲਈ ਕਈ ਸਾਧਨ ਵਰਤੇ ਜਾਂਦੇ ਹਨ ਪਰ ਫੇਰ ਵੀ ਇਸ ਰੁੱਖ ਦੀ ਦਾਤਣ ਨੂੰ ਅਜੇ ਵੀ ਸ੍ਰੇਸ਼ਟ ਸਮਝਿਆ ਜਾਂਦਾ ਹੈ। ਇਹ ਜਿਥੇ ਦੰਦ ਸਾਫ਼ ਕਰਦੀ ਹੈ, ਉਥੇ ਮਸੂੜਿਆਂ ਨੂੰ ਵੀ ਬੀਮਾਰੀਆਂ ਤੋਂ ਬਚਾਈ ਰੱਖਦੀ ਹੈ ਅਤੇ ਇਸ ਦੀ ਛਿੱਲ ਦਾ ਰਸ ਮੂੰਹ ਨੂੰ ਵੀ ਸਵਾਦਲਾ ਬਣਾਉਂਦਾ ਹੈ :

**ਦੰਦਾਂ ਨੂੰ ਚਮਕਾਵੇ ਦਾਤਣ ਕਿੱਕਰ ਦੀ।**

ਪਹਾੜੀ ਕਿੱਕਰ ਦੇ ਕੰਡੇ ਬਹੁਤ ਤਿੱਖੇ ਹੁੰਦੇ ਹਨ ਅਤੇ ਉਸ ਦੀ ਦਾਤਣ ਵੀ ਨਹੀਂ ਕੀਤੀ ਜਾਂਦੀ। ਜੇ ਰੋਹੀਆਂ ਵਿਚ ਇਕੱਲੀ ਕਿੱਕਰ ਖੜ੍ਹੀ ਹੋਵੇ ਤਾਂ ਉਹ ਚੰਗੀ ਨਹੀਂ ਸਮਝੀ ਜਾਂਦੀ। ਪਾਣੀ ਦੀ ਘਾਟ ਕਰਕੇ ਰੋਹੀ ਵਿਚ ਉਗੀ ਕਿੱਕਰ ਜ਼ਿਆਦਾ ਕਾਲੀ ਹੋ ਜਾਂਦੀ ਹੈ। ਜਿਸ ਕਿੱਕਰ ਦੇ ਰੁੱਖ ਥੱਲੋਂ ਕਿਸੇ ਭੈਣ ਦਾ ਭਰਾ ਲੰਘ ਜਾਵੇ ਤਾਂ ਉਸ ਭੈਣ ਨੂੰ ਉਹ ਰੁੱਖ ਸੁਗੰਧਾਂ ਵੰਡਦਾ ਅਤੇ ਤੁੱਕਿਆਂ ਦੀ ਥਾਂ ਫਲ ਦੇ ਰੂਪ ਵਿਚ ਪਤਾਸੇ ਦਿੰਦਾ ਜਾਪਦਾ ਹੈ :

**ਜਿਥੋਂ ਦੀ ਮੇਰਾ ਵੀਰ ਲੰਘ ਜਾਏ।**
**ਉਨ੍ਹਾਂ ਕਿੱਕਰਾਂ ਨੂੰ ਲੱਗਣ ਪਤਾਸੇ।**

'ਟਾਹਲੀ' ਦਾ ਰੁੱਖ ਉਚਾ-ਲੰਮਾ ਹੁੰਦਾ ਹੈ। ਇਸ ਦੀ ਹਰਿਆਵਲ ਤੇ ਛਾਂ ਬਾਕੀ ਰੁੱਖਾਂ ਨਾਲੋਂ ਕੁਝ ਜ਼ਿਆਦਾ ਹੁੰਦੀ ਹੈ। ਇਸ ਦੀ ਲੱਕੜ ਕਿੱਕਰ ਦੀ ਲੱਕੜ ਨਾਲੋਂ ਹੌਲੀ ਹੁੰਦੀ ਹੈ। ਇਸ ਕਰਕੇ ਕਿੱਕਰ ਦੀ ਲੱਕੜ ਤੋਂ ਬਣਿਆ ਚਰਖਾ ਭਾਰਾ ਅਤੇ ਹੰਢਣਸਾਰ ਮੰਨਿਆ ਜਾਂਦਾ ਹੈ ਪਰ ਟਾਹਲੀ ਦਾ ਬਣਿਆ ਚਰਖਾ ਹੌਲਾ ਹੁੰਦਾ ਹੈ। ਨਿਮਨ ਲਿਖਤ ਲੋਕਗੀਤ ਤੋਂ ਟਾਹਲੀ ਦੀ ਮਹੱਤਤਾ ਸਪੱਸ਼ਟ ਨਜ਼ਰੀ ਆਉਂਦੀ ਹੈ ਜਿਸ ਵਿਚ ਇਕ ਮੁਟਿਆਰ ਆਪਣੇ ਮਾਹੀ ਨੂੰ ਟਾਹਲੀ ਦਾ ਚਰਖਾ ਬਣਵਾ ਕੇ ਦੇਣ ਦੀ ਮੰਗ ਕਰਦੀ ਹੈ :

**ਚਰਖਾ ਮੇਰਾ ਕਿੱਕਰ ਦਾ ਤੂੰ ਟਾਹਲੀ ਦਾ ਬਣਵਾ ਦੇ।**
**ਏਸ ਚਰਖੇ ਦਾ ਹਿੱਲੇ ਮਝੇਰੂ ਮਾਲ੍ਹਾਂ ਬਹੁਤੀਆਂ ਖਾਵੇ।**
**ਮੇਰੇ ਨਾਲ ਦੀਆਂ ਕੱਤ ਕੇ ਸੌਂਗੀਆਂ ਮੈਥੋਂ ਕੱਤਿਆ ਨਾ ਜਾਵੇ।**
**ਚਰਖਾ ਬੂ ਚੰਦਰਾ ਅੱਲੜਾਂ ਦੀ ਨੀਂਦ ਗੁਆਵੇ।**

ਚਰਖੇ ਤੋਂ ਬਿਨਾਂ ਟਾਹਲੀ ਦਾ ਸੰਦੂਕ, ਪਲੰਘ, ਹਲ਼, ਪੰਜਾਲੀ, ਗੱਡਾ ਅਤੇ ਹੋਰ ਸਮਾਨ ਵੀ ਬਣਦਾ ਹੈ। ਇਸ ਰੁੱਖ ਦੇ ਪੱਤੇ ਕੁਝ ਕੁਸੈਲੇ ਹੁੰਦੇ ਹਨ ਪਰ ਇਨ੍ਹਾਂ ਨੂੰ ਗਰਮ ਕਰਕੇ, ਮਿੱਠੇ ਤੇਲ ਵਿਚ ਭਿਉਂ ਕੇ ਬੰਨ੍ਹਣ ਨਾਲ ਛਿੱਲੀ ਹੋਈ ਚਮੜੀ ਨੂੰ ਆਰਾਮ ਆ ਜਾਂਦਾ ਹੈ। ਚਮੜੀ ਰੋਗਾਂ ਨੂੰ ਠੀਕ ਕਰਨ ਲਈ ਇਸ ਦੀਆਂ ਜੜ੍ਹਾਂ ਵੀ ਵਰਤੀਆਂ ਜਾਂਦੀਆਂ ਹਨ। ਇਸ ਦੀਆਂ ਫਲੀਆਂ ਕੱਪੜਾ ਰੰਗਣ ਦੇ ਕੰਮ ਆਉਂਦੀਆਂ ਹਨ। ਇਸ ਦੇ ਬੀਜ ਫੋੜਿਆਂ ਅਤੇ ਬਵਾਸੀਰ ਨੂੰ ਠੀਕ ਕਰਨ ਲਈ ਵਰਤੇ ਜਾਂਦੇ ਹਨ।

ਹੋਰ ਰੁੱਖਾਂ ਵਾਂਗ 'ਬੇਰੀ' ਵੀ ਮਨੁੱਖ ਲਈ ਉਪਯੋਗੀ ਹੁੰਦੀ ਹੈ ਅਤੇ ਇਹ ਕਈ ਤਰ੍ਹਾਂ ਨਾਲ ਮਨੁੱਖ ਦੇ ਕੰਮ ਆਉਂਦੀ ਹੈ। ਇਕ ਪੇਂਡੂ ਫਲ ਦੇ ਰੂਪ ਵਿਚ ਇਹ ਇਕ ਕੁਦਰਤੀ ਨਿਆਮਤ ਹੈ। ਪੰਜਾਬੀਆਂ ਨੂੰ ਪਿਉਂਦੀ ਬੇਰਾਂ ਦਾ ਸੁਆਦ ਤਾਂ ਮਾਖਿਉਂ ਵਰਗਾ ਲੱਗਦਾ ਹੈ। ਇਸ ਦੀ ਲੱਕੜ ਵੀ ਚੰਗੀ ਮੰਨੀ ਜਾਂਦੀ ਹੈ। ਇਸ ਦੀ ਛਿੱਲ ਦਾ ਰਸ ਜ਼ਖ਼ਮਾਂ ਨੂੰ ਠੀਕ ਕਰਦਾ ਹੈ ਅਤੇ ਟੱਟੀਆਂ ਨੂੰ ਵੀ। ਇਸ ਦੀ ਜੜ੍ਹ ਠੰਢੀ ਹੁੰਦੀ ਹੈ ਜੋ ਸਰੀਰ ਦੀ ਗਰਮੀ ਦੂਰ ਕਰਦੀ ਹੈ ਤੇ ਸਿਰ ਦਰਦ ਵੀ। ਬੇਰੀ ਦੇ ਪੱਤੇ ਸਿਰ ਧੋਣ ਤੇ ਲੰਮੇ ਵਾਲ ਕਰਨ ਲਈ ਵੀ ਵਰਤੇ ਜਾਂਦੇ ਹਨ।

ਪੰਜਾਬੀ ਲੋਕਗੀਤਾਂ ਵਿਚ ਬੇਰੀਆਂ ਤੇ ਬੂਰ ਪੈਣ ਦੀ ਆਮਦ ਕਿਸੇ ਵਿਯੋਗਨ ਨੂੰ ਲਾਮ ਗਏ ਮਾਹੀ ਦੀ ਯਾਦ ਦੁਆ ਦਿੰਦੀ ਹੈ। ਬੇਰੀਆਂ ਦਾ ਬੂਰ ਵੇਖ ਉਹ ਢੋਲ ਸਿਪਾਹੀ ਦੇ ਵਸਲ ਦੀ ਇੱਛਾ ਪ੍ਰਗਟ ਕਰਦੀ ਹੈ :

**ਅਜੇ ਆਇਆ ਨਾ ਢੋਲ ਸਿਪਾਹੀ**
**ਬੇਰੀਆਂ ਨੂੰ ਬੂਰ ਪੈ ਗਿਆ।**

ਜਦੋਂ ਬੇਰੀਆਂ ਤੇ ਬੇਰ ਲੱਗ ਜਾਂਦੇ ਹਨ ਤਾਂ ਮੁਟਿਆਰਾਂ ਬੜੀਆਂ ਖੁਸ਼ ਹੋ ਕੇ ਆਪਣੇ ਭਾਵਾਂ ਦਾ ਇਜ਼ਹਾਰ ਕਰਦੀਆਂ ਆਖਦੀਆਂ ਹਨ, 'ਤੈਨੂੰ ਮਿਲਣਾ ਖੇਤ ਵਿਚ ਆ ਕੇ, ਵੇ ਬੇਰਾਂ ਵਾਲੀ ਰੁੱਤ ਆ ਗਈ' ਪਰ ਜਦੋਂ ਬੇਰੀਆਂ ਦੇ ਬੇਰ ਮੁੱਕ ਜਾਂਦੇ ਹਨ ਤਾਂ ਮੁਟਿਆਰ ਲਈ ਆਪਣੇ ਪ੍ਰੇਮੀ ਨੂੰ ਮਿਲਣ ਜਾਣ ਦੇ ਬਹਾਨੇ ਖਤਮ ਹੋ ਜਾਂਦੇ ਹਨ। ਇਸ ਲਈ ਉਹ, ਉਸ ਨੂੰ ਮਿਲਣ ਲਈ ਹੋਰ ਕੋਈ ਬਹਾਨਾ ਪੁੱਛਦੀ ਹੈ:

**ਦੱਸ ਕਿਹੜੇ ਮੈਂ ਬਹਾਨੇ ਆਵਾਂ,**
**ਬੇਰੀਆਂ ਦੇ ਬੇਰ ਮੁੱਕ ਗਏ।**

'ਤੂਤ' ਦਾ ਜਦੋਂ ਗੀਤਾਂ ਵਿਚ ਜ਼ਿਕਰ ਆਉਂਦਾ ਹੈ ਤਾਂ ਕਲਪਨਾ ਵਿਚ ਹੀ ਪੰਜਾਬੀ ਉਸ ਦੀ ਠੰਢੀ ਛਾਂ ਮਹਿਸੂਸ ਕਰਨ ਲੱਗਦੇ ਹਨ। ਭਾਵੇਂ ਕਿਸਾਨ ਨੇ ਖੇਤਾਂ ਵਿਚ ਰੁੱਖਾਂ ਥੱਲੇ ਕੁਝ ਘੜੀਆਂ ਹੀ ਆਰਾਮ ਕਰਨਾ ਹੁੰਦਾ ਹੈ ਫੇਰ ਵੀ ਉਹ ਆਪਣੇ ਖੇਤ ਦੀ ਸ਼ਾਨ ਵਧਾਉਣ ਲਈ ਉਸ ਵਿਚ ਤੂਤ ਦਾ ਰੁੱਖ ਲਾਉਣਾ ਆਪਣਾ ਮਾਣ ਸਮਝਦਾ ਹੈ। ਜਦੋਂ ਮਿੱਠੇ ਮਿੱਠੇ ਤੂਤ ਲੱਗ ਜਾਂਦੇ ਹਨ ਤਾਂ ਲੋਕੀਂ ਇਨ੍ਹਾਂ ਨੂੰ ਖਾ ਕੇ ਖੂਬ ਆਨੰਦ ਮਾਣਦੇ ਹਨ। ਤੂਤ ਦੀਆਂ ਛੋਟੀਆਂ ਟਾਹਣੀਆਂ ਦਾਤਣ ਦੇ ਤੌਰ 'ਤੇ ਵਰਤੀਆਂ ਜਾਂਦੀਆਂ ਹਨ ਅਤੇ ਵੱਡੀਆਂ ਛਿਟੀਆਂ ਦੇ ਪਿੰਡਾਂ ਵਿਚ ਟੋਕਰੇ ਬਣਾਏ ਜਾਂਦੇ ਹਨ ਜੋ ਘਰਾਂ ਵਿਚ ਨਜ਼ਰ ਆਉਂਦੇ ਹਨ। ਇਸ ਦੀ ਲੱਕੜ ਚੀੜ੍ਹੀ ਅਤੇ ਸਖ਼ਤ ਹੁੰਦੀ ਹੈ। ਕ੍ਰਿਕਟ ਦੇ ਬੱਲੇ, ਹਾਕੀ ਦੀਆਂ ਸਟਿੱਕਾਂ ਅਤੇ ਬੈਡਮਿੰਟਨ ਦੇ ਰੈਕਿਟ ਇਸ ਤੋਂ ਤਿਆਰ ਹੁੰਦੇ ਹਨ। ਬੱਚੇ ਤੂਤ ਦੀਆਂ ਛਿਟੀਆਂ ਦੇ ਕਮਾਨ ਬਣਾ ਕੇ ਕਾਨਿਆਂ ਦੀਆਂ ਤੀਲਾਂ ਦੇ ਤੀਰ ਚਲਾਉਂਦੇ ਹਨ। ਤੂਤ ਦੀ ਛਾਂ ਬੜੀ ਸੰਘਣੀ ਅਤੇ ਗੂੜ੍ਹੀ ਹੁੰਦੀ ਹੈ। ਟਾਹਲੀ ਅਤੇ ਤੂਤ ਦੀ ਸੰਘਣੀ ਛਾਂ ਤੋਂ ਪ੍ਰਭਾਵਿਤ ਹੋ ਕੇ ਕਿਸੇ ਕਵੀ ਨੇ ਲਿਖਿਆ ਹੈ :

**ਟਾਹਲੀਆਂ ਤੇ ਤੂਤਾਂ ਦੀਆਂ ਛਾਵਾਂ ਠੰਢੀਆਂ,**
**ਔਣ ਮਨਮੋਹਣੀਆਂ ਹਵਾਵਾਂ ਠੰਢੀਆਂ।**

ਘਰ ਦੇ ਬਜ਼ੁਰਗ ਗਰਮੀ ਦੇ ਦਿਨਾਂ ਵਿਚ ਇਨ੍ਹਾਂ ਵੱਡਿਆਂ ਦਰੱਖ਼ਤਾਂ ਹੇਠ ਬੈਠੇ ਹੀ ਸਾਰਾ ਸਾਰਾ ਦਿਨ ਬਿਤਾ ਦਿੰਦੇ ਹਨ। ਨਵ ਵਿਆਹੁਲੀ ਜੋੜੀ ਨੂੰ, ਜ਼ਿੰਦਗੀ ਦੇ ਦੁੱਖ-ਸੁੱਖ ਹੱਸ ਕੇ ਜਰਨ ਅਤੇ ਪੰਜਾਬੀ ਸਭਿਆਚਾਰ ਵਿਚ ਦਿਉਰ-ਭਰਜਾਈ ਦੇ ਰਿਸ਼ਤੇ ਨੂੰ ਮਿਲਦੀ ਖੁੱਲ੍ਹ ਵਿਆਹ ਤੋਂ ਅਗਲੇ ਦਿਨ 'ਛਟੀਆਂ ਦੀ ਰਸਮ' ਰਾਹੀਂ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਰਸਮ ਵਿਚ ਤੂਤ ਦੀਆਂ ਛਿਟੀਆਂ ਦੀ ਹੀ ਵਰਤੋਂ

ਕੀਤੀ ਜਾਂਦੀ ਹੈ। ਤੂਤ ਦੀ ਛਟੀ ਨੂੰ ਪੰਜਾਬੀ ਸੱਭਿਆਚਾਰ ਵਿਚ ਇਕ ਖ਼ੂਬਸੂਰਤ, ਲੰਮ-ਸਲੰਮੀ ਤੇ ਦ੍ਰਿੜ੍ਹ ਇਰਾਦੇ ਵਾਲੀ ਮੁਟਿਆਰ ਨਾਲ ਤੁਲਨਾਇਆ ਗਿਆ ਹੈ। ਲੰਮੀ-ਲੰਝੀ ਅਤੇ ਪਤਲੀ ਜਿਹੀ ਵਹੁਟੀ ਵਿਆਹ ਕੇ ਲਿਆਏ ਗੱਭਰੂ ਨੂੰ ਵੇਖ ਕੋਈ ਮੁਟਿਆਰ ਆਖਦੀ ਹੈ :

**ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ**
**ਵਿਆਹ ਕੇ ਲੈ ਗਿਆ ਤੂਤ ਦੀ ਛਟੀ।**

ਰੁੱਖਾਂ ਦੇ ਖੇਤਰ ਵਿਚ 'ਅੰਬ ਦੇ ਰੁੱਖ' ਨੂੰ ਕਾਫੀ ਪ੍ਰਸਿੱਧੀ ਹਾਸਲ ਹੈ। ਅੰਬ ਨੂੰ ਫਲਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ। ਇਸ ਦਾ ਪੌਦਾ ਗਿਟਕ ਬੀਜ ਕੇ ਉਗਾਇਆ ਜਾਂਦਾ ਹੈ ਜੋ 10-12 ਸਾਲ ਬਾਅਦ ਫਲ ਦਿੰਦਾ ਹੈ ਪਰ ਅੱਜਕਲ੍ਹ ਨਵੀਂ ਤਕਨੀਕ ਰਾਹੀਂ ਇਸ ਦਾ ਫਲ 3-4 ਸਾਲਾਂ ਬਾਅਦ ਹੀ ਪ੍ਰਾਪਤ ਕਰ ਲਿਆ ਜਾਂਦਾ ਹੈ। ਬੱਚੇ, ਜਵਾਨ, ਬੁੱਢੇ ਗੱਲ ਕੀ ਹਰ ਕੋਈ ਅੰਬਾਂ ਨੂੰ ਪਸੰਦ ਕਰਦਾ ਹੈ। ਕਲਮੀ, ਚੌਸਾ, ਸੁਰਖਾ, ਰਸਪਰੀ, ਮਾਲਦਾ, ਬਦਾਮੀ, ਸਫ਼ੈਦਾ, ਤੋਤਾ, ਦੁਸ਼ਹਿਰੀ, ਲੰਗੜਾ, ਚੂਪਾ ਜਾਂ ਗਧਾ ਕੋਈ ਵੀ ਅੰਬ ਹੋਵੇ ਸਭ ਦਾ ਵੱਖੋ-ਵੱਖਰਾ ਸੁਆਦ ਹੈ। ਅੰਬੀਆਂ ਜਾਂ ਕੱਚੇ ਅੰਬਾਂ ਦੀ ਚੱਟਣੀ ਅਤੇ ਅਚਾਰ ਪਾਇਆ ਜਾਂਦਾ ਹੈ। ਗਰਮੀਆਂ ਵਿਚ ਅੰਬ ਚੂਪਣ ਦਾ ਮਜ਼ਾ ਹੀ ਵੱਖਰਾ ਹੁੰਦਾ ਹੈ। ਅੰਬ ਤੋਂ ਬਣੇ ਅੰਬ ਪਾਪੜ, ਸਕਵੈਸ਼, ਮੈਂਗੋ ਫਰੂਟੀ ਅਤੇ ਮੈਂਗੋ ਸ਼ੇਕ ਸਭ ਨੂੰ ਚੰਗੇ ਲੱਗਦੇ ਹਨ। ਅੰਬ ਦਾ ਜੈਮ ਤੇ ਮੁਰੱਬਾ ਸੁਆਦੀ ਹੋਣ ਦੇ ਨਾਲ-ਨਾਲ ਸਰੀਰ ਨੂੰ ਤਾਕਤ ਵੀ ਦਿੰਦਾ ਹੈ। ਅੰਬਾਂ ਵਿਚ ਵਿਟਾਮਿਨ 'ਏ' ਅਤੇ 'ਸੀ' ਕਾਫ਼ੀ ਮਾਤਰਾ ਵਿਚ ਹੁੰਦਾ ਹੈ। ਜਦੋਂ ਅੰਬਾਂ ਦੇ ਰੁੱਖਾਂ ਨੂੰ ਬੂਰ ਪੈਂਦਾ ਹੈ ਤੇ ਕੋਇਲ ਉਨ੍ਹਾਂ ਉਤੇ ਬੈਠ ਕੇ ਮਿੱਠੇ ਮਿੱਠੇ ਗੀਤ ਗਾਉਂਦੀ ਹੈ ਤਾਂ ਜ਼ਿਹਨ ਵਿਚੋਂ ਉਠਦੀਆਂ ਪਿਆਰ ਤਰੰਗਾਂ ਕਰਕੇ ਮੁਟਿਆਰਾਂ ਅਤੇ ਗੱਭਰੂ ਝੂਮ ਉਠਦੇ ਹਨ। ਅਜਿਹੇ ਵੇਲੇ ਜੇ ਮਾਹੀ ਦੂਰ ਗਿਆ ਹੋਵੇ ਤਾਂ ਮੁਟਿਆਰ ਆਖਦੀ ਹੈ :

**ਬੋਲੀ ਅੰਬ ਤੇ ਜਾਂ ਕੋਇਲ ਮੇਰੇ ਹਾਣੀਆ**
**ਵੇ ਤੱਤੜੀ ਨੂੰ ਯਾਦ ਆ ਗਿਆ।**

ਅੰਬ ਅਜੇ ਪੱਕੇ ਵੀ ਨਹੀਂ ਹੁੰਦੇ ਕਿ ਤੋਤੇ ਉਨ੍ਹਾਂ ਨੂੰ ਪਹਿਲਾਂ ਹੀ ਟੁਕ ਟੁਕ ਸੁੱਟਣ ਲੱਗਦੇ ਹਨ। ਅੰਬ ਤੇ ਤੋਤੇ ਵਾਂਗ ਦਿਉਰ ਭਰਜਾਈ ਦਾ ਰਿਸ਼ਤਾ ਹੁੰਦਾ ਹੈ। ਦਿਉਰ ਵੀ ਆਪਣੀ ਸੁਹਣੀ ਭਰਜਾਈ ਨੂੰ ਵਸਣਾ ਔਖਾ ਕਰ ਦਿੰਦਾ ਹੈ। ਇਸ ਲੋਕ ਬੋਲੀ ਵਿਚ ਵੀ ਭਾਬੀ ਨੂੰ ਅੰਬ ਅਤੇ ਦਿਉਰ ਨੂੰ ਤੋਤੇ ਵਜੋਂ ਸੰਕੇਤਕ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ:

**ਅੰਬ ਦੀ ਟਾਹਣੀ ਤੋਤਾ ਬੈਠਾ, ਅੰਬ ਪੱਕਣ ਨਾ ਦੇਵੇ।**
**ਸੁਹਣੀ ਭਾਬੋ ਨੂੰ, ਦਿਉਰ ਵਸਣ ਨਾ ਦੇਵੇ।**

ਪੰਜਾਬੀਆਂ ਦਾ ਅੰਬਾਂ ਪ੍ਰਤੀ ਪਿਆਰ ਲੋਕਗੀਤਾਂ ਵਿਚੋਂ ਸਪੱਸ਼ਟ ਉਜਾਗਰ ਹੁੰਦਾ ਹੈ। ਜਦੋਂ ਕਿਸੇ ਪੰਜਾਬਣ ਮੁਟਿਆਰ ਦਾ ਦੁਆਬੇ ਤੋਂ ਬਾਹਰ ਰਿਸ਼ਤਾ ਹੋ ਜਾਵੇ ਤਾਂ ਉਸ ਦੀਆਂ ਸਹੇਲੀਆਂ ਉਸ ਨੂੰ ਸਥਾਨਕ ਫਲ ਅੰਬੀਆਂ ਲਈ ਤਰਸ ਕੇ ਰਹਿ ਜਾਣ ਦਾ ਨਿਹੋਰਾ ਦਿੰਦੀਆਂ ਹਨ:

**'ਛੱਡ ਕੇ ਦੇਸ ਦੁਆਬਾ, ਅੰਬੀਆਂ ਨੂੰ ਤਰਸੇਂਗੀ।'**

ਜੀਵਨ ਦੇ ਕਈ ਖੁਸ਼ੀ ਭਰੇ ਮੌਕਿਆਂ ਤੇ ਜਦੋਂ ਗਿੱਧਾ ਪਾਇਆ ਜਾਂਦਾ ਹੈ ਤਾਂ ਬੋਲੀ ਪਾਉਂਦੀਆਂ ਮੁਟਿਆਰਾਂ ਵੱਲੋਂ ਅਕਸਰ ਕਿਸੇ ਨਾ ਕਿਸੇ ਰੁਖ ਦਾ ਜ਼ਿਕਰ ਕੀਤਾ ਜਾਂਦਾ ਹੈ। ਕਈ ਬੋਲੀਆਂ ਵਿਚ ਇਕ ਤੋਂ ਵੱਧ ਰੁੱਖਾਂ ਦੀ ਗੱਲ ਵੀ ਕੀਤੀ ਜਾਂਦੀ ਹੈ ਅਤੇ ਉਸ ਗੱਲ ਵਿਚੋਂ ਆਪਣੇ ਦਿਲ ਦੇ ਭੇਤ ਜਾਂ ਅਰਮਾਨਾਂ ਨੂੰ ਪ੍ਰਗਟਾਇਆ ਜਾਂਦਾ ਹੈ :

**ਕਿੱਕਰਾਂ ਵੀ ਲੰਘ ਆਈ,**
**ਬੇਰੀਆਂ ਵੀ ਲੰਘ ਆਈ**
**ਲੰਘਣੋਂ ਰਹਿ ਗਿਆ ਬਰੋਟਾ।**
**ਜੇ ਤੂੰ ਮੇਰਾ ਰੂਪ ਵੇਖਣਾ**
**ਮੇਰੇ ਲਹਿੰਗੇ ਨੂੰ ਲਵਾ ਦੇ ਗੋਟਾ।**

ਇਕ ਪੰਜਾਬਣ, ਜਿਸ ਨੂੰ ਲੱਗਦਾ ਹੈ ਕਿ ਉਸ ਦੀ ਮੌਤ ਉਪਰੰਤ ਉਸ ਨੂੰ ਰੋਣ ਵਾਲਾ ਕੋਈ ਨਹੀਂ ਹੋਵੇਗਾ, ਉਹ ਨਿਮਨ ਲਿਖਤ ਲੋਕ ਬੋਲੀ ਦੁਆਰਾ ਇਨ੍ਹਾਂ ਰੁੱਖਾਂ ਨੂੰ ਹੀ ਆਪਣੇ ਮਰਨ ਉਪਰੰਤ ਵਿਰਲਾਪ ਕਰਦਿਆਂ ਤੱਕਦੀ ਹੈ :

**ਮਰ ਗਈ ਨੂੰ ਪੰਜ ਰੋਣਗੇ**
**ਅੱਕ, ਢੱਕ ਤੇ ਕਰੀਰ, ਜੰਡ, ਬੇਰੀਆਂ।**

ਅਸੀਂ ਰੁੱਖਾਂ ਸੰਬੰਧੀ ਲੋਕ-ਮਨ ਦੀਆਂ ਧਾਰਣਾਵਾਂ ਅਤੇ ਤੱਥਾਂ ਨੂੰ ਆਮ ਸੁਣਦੇ ਰਹਿੰਦੇ ਹਾਂ। ਰੁੱਖ ਲਾਉਣਾ ਪਰਉਪਕਾਰ ਵਾਲਾ ਕੰਮ ਹੈ ਕਿਉਂਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਦਾ ਸੁੱਖ ਮਾਣਦੀਆਂ ਹਨ। ਕਿਹਾ ਜਾਂਦਾ ਹੈ ਕਿ ਇਕ ਰੁੱਖ ਲਾਉਣ ਵਾਲੇ ਨੂੰ ਦੱਸ ਪੁੱਤਰਾਂ ਵਾਲਾ ਸੁੱਖ ਮਿਲਦਾ ਹੈ। ਪ੍ਰੋ. ਮੋਹਨ ਸਿੰਘ ਨੇ ਰੁੱਖ ਅਤੇ ਮਾਂ ਨੂੰ ਇਕੋ ਜਿਹਾ ਦਰਜਾ ਦਿੰਦਿਆਂ ਕਿਹਾ ਹੈ :

**ਮਾਂ ਜਿਹਾ ਘਣਛਾਵਾਂ ਬੂਟਾ**
**ਕਿਧਰੇ ਨਜ਼ਰ ਨਾ ਆਵੇ।**
**ਜਿਸ ਤੋਂ ਲੈ ਕੇ ਛਾਂ ਉਧਾਰੀ**
**ਰੱਬ ਨੇ ਸਵਰਗ ਬਣਾਇਆ।**

ਜਿਵੇਂ ਕਿ ਇਸ ਆਲੇਖ ਦੇ ਆਰੰਭ ਵਿਚ ਹੀ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਸ ਦੀ ਲੋਅ ਵਿਚ ਮਨੁੱਖ ਨੂੰ ਚੇਤੰਨ ਹੋਣ ਦੀ ਜ਼ਰੂਰਤ ਹੈ। ਕੁਦਰਤ ਵੱਲੋਂ ਮਨੁੱਖੀ ਜ਼ਿੰਦਗੀ ਨੂੰ ਸੂਰਜ ਦੀਆਂ ਪਰਾ-ਵੈਂਗਣੀ ਕਿਰਨਾਂ ਤੋਂ ਬਚਾਉਣ ਵਾਸਤੇ ਜੋ 'ਓਜ਼ੋਨ' ਦੀ ਕੁਦਰਤੀ ਛਤਰੀ ਤਾਣੀ ਗਈ ਹੈ, ਉਸ ਵਿਚ ਅੱਜ ਜੋ ਛੇਕ ਹੋ ਰਹੇ ਹਨ, ਜਿਸ ਦਾ ਇਕ ਵੱਡਾ ਕਾਰਨ ਰੁੱਖਾਂ ਦੀ ਕਟਾਈ ਹੈ।

ਤੁਸੀਂ ਸਿਆਣਿਆਂ ਤੋਂ ਇਹ ਆਮ ਸੁਣਿਆ ਹੋਵੇਗਾ ਕਿ 'ਖੰਡ ਬਾਝ ਦੁਧ ਮਿੱਠਾ ਨਾ ਹੁੰਦਾ, ਬਿਰਖਾਂ ਬਾਝ ਨਾ ਛਾਂਵਾਂ।' ਇਸ ਤਰ੍ਹਾਂ ਰੁੱਖਾਂ ਦੀ ਸਭਿਆਚਾਰਕ ਅਹਿਮੀਅਤ ਨੂੰ ਸਮਝਦਿਆਂ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਰੁੱਖਾਂ ਤੋਂ ਬਿਨਾਂ ਉਨ੍ਹਾਂ ਦੀ ਛਾਂ ਅਤੇ ਸੁੱਖ ਨਹੀਂ ਮਾਣੇ ਜਾ ਸਕਦੇ। ਸੋ ਰੁੱਖਾਂ ਦੀ ਸਾਂਭ ਸੰਭਾਲ ਕਰਨਾ ਸਾਡਾ ਸਾਰਿਆ ਦਾ ਧਰਮ ਹੈ। ਵੱਧ ਤੋਂ ਵੱਧ ਰੁੱਖ ਲਗਾਉਣਾ ਕੇਵਲ ਮਾਨਵ ਵਾਸਤੇ ਹੀ ਕਲਿਆਣਕਾਰੀ ਨਹੀਂ ਸਗੋਂ ਪ੍ਰਕ੍ਰਿਤੀ ਦੀ ਖ਼ੂਬਸੂਰਤੀ ਵਿਚ ਵੀ ਵਾਧਾ ਕਰਨਾ ਹੈ।

**ਧੰਨਵਾਦ ਸਹਿਤ**
**ਪੁਸਤਕ 'ਰੰਗਲਾ ਪੰਜਾਬ ਮੇਰਾ' ਵਿਚੋਂ**

*****

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ


ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ', 'ਬੀ' ਆਦਿ ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 45 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# ਜਿਥੇ ਪਿਆਰ, ਉਥੇ ਰੱਬ ਹੈ



**ਲੀਉ ਟਾਲ ਸਟਾਏ**
**ਅਨੁਵਾਦਿਕ ਕੀਤਾ ਅਮਰੀਕ ਸਿੰਘ**
**ਮੈਂਬਰ (ਸੇਵਾ ਮੁਕਤ) ਬੀ.ਬੀ.ਐਮ.ਬੀ.**

**ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਉ...........ਗੁਰੂ ਨਾਨਕ ਸਾਹਿਬ ਜੀ**
**ਜੇ ਤੁਮੇ ਪਿਆਰ ਕਰਣ ਕਾ ਚਾਉ ਸਿਰ ਧਰ ਗਲੀ ਮੇਰੀ ਆਉ......ਗੁਰੂ ਗੋਬਿੰਦ ਸਿੰਘ ਜੀ**

ਰੂਸ ਦੇ ਇਕ ਕਸਬੇ ਵਿਚ ਮਾਰਟਿਨ ਨਾਮ ਦਾ ਮਸ਼ਹੂਰ ਮੋਚੀ ਰਹਿੰਦਾ ਸੀ। ਉਸਦੇ ਛੋਟੇ ਕੁ ਕਮਰੇ ਵਿਚ ਇਕ ਬਾਰੀ ਸੜਕ ਵਲ ਖੁਲਦੀ ਸੀ। ਸੜਕ ਤੋਂ ਜੋ ਵੀ ਲੰਘਦਾ ਮਾਰਟਿਨ ਉਸਦੇ ਬੂਟਾਂ ਦੀ ਅਵਾਜ਼ ਤੋਂ ਉਸਨੂੰ ਪਹਿਚਾਨ ਲੈਂਦਾ। ਉਸ ਕਸਬੇ ਵਿਚ ਉਸਦੇ ਕਈ ਜਾਣੂ ਸਨ। ਉਸ ਮੁਹੱਲੇ ਵਿਚ ਕੋਈ ਹੀ ਬੂਟ ਹੋਵੇਗਾ ਜਿਹੜਾ ਉਸਦੇ ਹਥਾਂ ਵਿਚੋਂ ਨਹੀਂ ਲੰਘਿਆ ਹੋਣਾ। ਕਈਆਂ ਦੇ ਤਲੇ ਲਗਾਏ ਹੋਣਗੇ, ਮੁਰੰਮਤ ਅਤੇ ਕਈਆਂ ਨੂੰ ਉਸਨੇ ਸੀਤਾ ਹੋਵੇਗਾ। ਉਹ ਚੰਗਾ ਚਮੜਾ ਵਰਤਦਾ, ਜ਼ਿਆਦਾ ਪੈਸੇ ਨਾ ਲੈਂਦਾ। ਉਸ ਕੋਲ ਕੰਮ ਦੀ ਕਮੀ ਕਦੀ ਨਾ ਰਹਿੰਦੀ।

ਮਾਰਟਿਨ ਹਮੇਸ਼ਾ ਚੰਗਾ ਇਨਸਾਨ ਰਿਹਾ ਅਤੇ ਬੁਢੇਪੇ ਵਿਚ ਉਸਨੇ ਆਪਣੀ ਆਤਮਾ ਬਾਰੇ ਸੋਚਣਾ ਸ਼ੁਰੂ ਕਰ ਦਿਤਾ। ਉਸਦੀ ਪਤਨੀ ਤਿੰਨ ਸਾਲ ਦਾ ਬੱਚਾ ਛਡ ਕੇ ਮਰ ਗਈ ਸੀ। ਉਸਦੇ ਸਾਰੇ ਵਡੇ ਬਚੇ ਛੋਟੀ ਉਮਰ ਵਿਚ ਹੀ ਮਰ ਜਾਂਦੇ ਰਹੇ। ਮਾਰਟਿਨ ਨੇ ਕੰਮ ਛਡ ਦਿਤਾ ਅਤੇ ਛੋਟੇ ਲੜਕੇ ਦੀ ਸੰਭਾਲ ਵਿਚ ਲਗ ਗਿਆ। ਬੱਚਾ ਜਦੋਂ ਵਡਾ ਹੋਇਆ; ਪਿਤਾ ਦੀ ਮਦਦ ਕਰਨ ਦੇ ਕਾਬਲ ਹੋ ਗਿਆ ਪਰ ਕਿਸਮਤ ਨੇ ਉਹ ਬਚਾ ਵੀ ਉਸ ਕੋਲੋਂ ਖੋ ਲਿਆ। ਬੱਚੇ ਨੂੰ ਇਕ ਹਫਤਾ ਸਖਤ ਬੁਖਾਰ ਰਿਹਾ ਅਤੇ ਮਰ ਗਿਆ। ਹੁਣ ਉਹ ਇੰਨਾ ਉਦਾਸ ਰਹਿੰਦਾ ਸੀ ਕਿ ਰਬ ਨੂੰ ਗਿਲਾ ਸ਼ਿਕਵਾ ਦੇਣ ਲਗ ਪਿਆ। ਉਦਾਸੀ ਵਿਚ ਉਹ ਪ੍ਰਾਰਥਨਾ ਕਰਦਾ ਕਿ ਉਸਨੂੰ ਮੌਤ ਆ ਜਾਵੇ। ਮਾਰਟਿਨ ਨੇ ਚਰਚ ਵਿਚ ਜਾਣਾ ਵੀ ਬੰਦ ਕਰ ਦਿਤਾ।

ਇਕ ਦਿਨ ਉਸਦੇ ਪਿੰਡ ਤੋਂ ਇਕ ਬੁਢਾ ਆਦਮੀ ਜੋ ਅਠ ਸਾਲ ਤੀਰਥ ਯਾਤਰਾ ਤੇ ਰਿਹਾ ਸੀ ਉਸਦੇ ਘਰ ਰੁਕਿਆ ਅਤੇ ਮਾਰਟਿਨ ਨੇ ਆਪਣਾ ਦਿਲ ਉਸ ਨਾਲ ਖੋਲਿਆ। ਉਸਨੇ ਕਿਹਾ ਉਹ ਹੁਣ ਜੀਣਾ ਨਹੀਂ ਚਾਹੁੰਦਾ ਅਤੇ ਰਬ ਅਗੇ ਮੇਰੀ ਅਰਦਾਸ ਹੈ ਕਿ ਮੈਂ ਜਲਦੀ ਮਰ ਜਾਵਾਂ। ਮੈਨੂੰ ਕਿਸੇ ਕਿਸਮ ਦੀ ਆਸ ਨਹੀਂ ਹੈ ਕਿਸੇ ਪਾਸੇ ਤੋਂ।

ਯਾਤਰੀਨੇਕਿਹਾ, "ਮਾਰਟਿਨ, ਤੈਨੂੰ ਕੋਈ ਹਕ ਨਹੀਂ ਹੈ ਇਸ ਤਰ੍ਹਾਂ ਕਹਿਣ ਦਾ। ਸਿਰਫ ਰੱਬ ਦੀ ਕਰਨੀ ਹੀ ਫੈਸਲਾ ਕਰਦੀ ਹੈ। ਰੱਬ ਨੇ ਚਾਹਿਆ ਤੇਰਾ ਬੱਚਾ ਮਰ ਜਾਵੇ ਅਤੇ ਤੂੰ ਜੀਵੇ। ਇਸ ਵਿਚ ਹੀ ਤੇਰੀ ਭਲਾਈ ਹੋਵੇਗੀ। ਤੂੰ ਚਾਹੁੰਦਾ ਹੈਂ ਕਿ ਤੇਰੀ ਖੁਸ਼ੀ ਮੁਤਾਬਕ ਸਭ ਕੁਝ ਹੋਵੇ।"

ਮਾਰਟਿਨ, "ਫਿਰ ਕਿਸ ਲਈ ਆਦਮੀ ਜੀਵੇ?"

ਯਾਤਰੀ ਨੇ ਕਿਹਾ, "ਰੱਬ ਸਾਨੂੰ ਜ਼ਿੰਦਗੀ ਦਿੰਦਾ ਹੈ ਅਤੇ ਮਾਰਟਿਨ ਤੂੰ ਜੀਅ। ਫਿਰ ਤੈਨੂੰ ਦੁਖ ਨਹੀਂ ਹੋਵੇਗਾ ਅਤੇ ਜੀਣਾ ਸੁਖਾਲਾ ਹੋ ਜਾਵੇਗਾ।"

ਮਾਰਟਿਨ ਥੋੜ੍ਹੀ ਦੇਰ ਚੁਪ ਰਿਹਾ।

ਯਾਤਰੀ ਬੋਲਿਆ, ਕੋਈ ਪਵਿੱਤਰ ਪੋਥੀ ਜਾਂ ਗਰੰਥ ਪੜ੍ਹ ਕੇ ਵੇਖ; ਰੱਬ ਨੇ ਜਿਉਣ ਦਾ ਢੰਗ ਦੱਸਿਆ ਹੈ।

ਇਹ ਗਲ ਮਾਰਟਿਨ ਦੇ ਦਿਲ ਵਿਚ ਘਰ ਕਰ ਗਈ। ਉਸਨੇ ਇਕ ਪਵਿੱਤਰ ਪੋਥੀ ਖਰੀਦੀ; ਉਸਨੂੰ ਰੋਜ਼ ਪੜ੍ਹਦਾ, ਹਰ ਰਾਤ ਪੜ੍ਹਦਾ ਅਤੇ ਉਸਨੂੰ ਕੁਝ ਕੁਝ ਪਤਾ ਲਗਨਾ ਸ਼ੁਰੂ ਹੋ ਗਿਆ ਕਿ ਰੱਬ ਦੇ ਨਾਮ ਪਰ ਕਿਸ ਤਰ੍ਹਾਂ ਜੀਣਾ ਹੈ। ਉਸ ਦਾ ਦਿਲ ਹਲਕਾ ਹੁੰਦਾ ਗਿਆ। ਪਹਿਲਾਂ ਤੇ ਉਹ ਰਾਤ ਨੂੰ ਭਾਰੀ ਦਿਲ ਨਾਲ ਪੁੱਤਰ ਦੀ ਯਾਦ ਵਿਚ ਸੌਂਦਾ ਸੀ ਪਰ ਹੁਣ ਉਹ ਰੱਬ ਦਾ ਸ਼ੁਕਰੀਆ ਕਰਕੇ ਸੌਂਦਾ। ਹੁਣ ਉਸਦੀ ਜ਼ਿੰਦਗੀ ਬਦਲ ਗਈ। ਪਹਿਲਾਂ ਉਹ ਛੁਟੀ ਵਾਲੇ ਦਿਨ ਲੋਕਾਂ ਨਾਲ ਬੈਠ ਕੇ ਚਾਹ ਪੀਂਦਾ। ਇਕ ਦੋ ਪੈੱਗ ਵੀ ਪੀ ਲੈਂਦਾ ਅਤੇ ਕਈ ਵਾਰ ਦੂਸਰਿਆਂ ਨਾਲ ਬੋਲ-ਕਬੋਲ ਵੀ ਬੋਲਦਾ। ਹੁਣ ਉਹੋ ਜਿਹੀਆਂ ਗਲਾਂ ਨਾ ਰਹੀਆਂ ਅਤੇ ਉਸਦੀ ਜ਼ਿੰਦਗੀ ਵਿਚ ਖੁਸ਼ੀ ਅਤੇ ਸ਼ਾਂਤੀ ਆਉਂਦੀ ਗਈ। ਸਵੇਰੇ ਕੰਮ ਕਰਨ ਜਾਂਦਾ ਅਤੇ ਕੰਮ ਮੁਕਾ ਕੇ ਪਵਿੱਤਰ ਪੋਥੀ ਪੜ੍ਹਦਾ ਅਤੇ ਉਸਦੇ ਮਤਲਬ ਨੂੰ ਹੋਰ ਜ਼ਿਆਦਾ ਸਮਝਦਾ, ਉਸ ਤੇ ਅਮਲ ਕਰਦਾ ਅਤੇ ਉਸਦੇ ਮੰਨ ਵਿਚ ਖੁਸ਼ੀ ਰਹਿੰਦੀ।

ਕਦੀ ਕਿਤਾਬ ਵਿਚ ਆਉਂਦਾ ਕਿ ਜੋ ਵੀ ਕਿਸੇ ਨੂੰ ਚੀਜ਼ ਚਾਹੀਦੀ ਹੈ ਦੇ ਦਿਉ ਅਤੇ ਕਦੀ ਵਾਪਸ ਨਾ ਮੰਗੋ, ਕਿਸੇ ਨਾਲ ਬਹਿਸ ਵਿਚ ਨਾ ਪਵੋ, ਦੂਸਰਿਆਂ ਦੀ ਵਧੀਕੀਆਂ ਨੂੰ ਸਹੋ ਅਤੇ ਉਸਨੇ ਪੜ੍ਹਿਆ ਕਿ ਮੈਂ ਰੱਬ, ਰੱਬ ਕਹਿੰਦਾ ਹਾਂ ਪਰ ਜੋ ਪਵਿੱਤਰ ਪੋਥੀ ਕਹਿੰਦੀ ਹੈ ਉਹ ਕਰਦਾ ਨਹੀਂ। ਪੜ੍ਹਦਾ ਅਤੇ ਜ਼ਿਆਦਾ ਅਮਲ ਕਰਦਾ; ਉਸਦੀ ਜ਼ਿੰਦਗੀ ਸੰਵਰਦੀ ਗਈ ਅਤੇ ਖੁਸ਼ੀ ਵਧਦੀ ਗਈ। ਹੁਣ ਉਹ ਇਕੱਲਾ ਰਹਿ ਕੇ ਉਦਾਸ ਨਾ ਹੁੰਦਾ। ਹਮੇਸ਼ਾ ਮਾਲਕ ਦੀ ਦਯਾ-ਮੇਹਰ ਮੰਗਦਾ ਕਿ ਮੈਂ ਉਸਦੇ ਭਾਣੇ ਵਿਚ ਰਹਾਂ।

ਕਿਤਾਬ ਵਿਚ ਮਾਰਟਿਨ ਨੇ ਪੜ੍ਹਿਆ ਕਿ ਰੱਬ ਨੇ ਕਿਹਾ ਸੀ, "ਮੈਂ ਇਕ ਵਿਧਵਾ ਔਰਤ ਦੇ ਘਰ ਗਿਆ ਸੀ। ਉਸ ਵਿਧਵਾ ਨੇ ਆਪਣੇ ਆਥਰੂਆਂ ਨਾਲ ਮੇਰੇ ਪੈਰ ਧੋਤੇ ਅਤੇ ਆਪਣੇ ਵਾਲਾਂ ਨਾਲ ਸਾਫ ਕੀਤੇ। ਇਕ ਫਾਰਸੀ ਬੰਦੇ ਦੇ ਵੀ ਘਰ ਗਿਆ ਸੀ ਜਿਸਨੇ ਇਸ ਤਰ੍ਹਾਂ ਨਾ ਕੀਤਾ। ਫਾਰਸੀ ਨੇ ਮੈਨੂੰ ਚੁੰਮਿਆ ਵੀ ਨਹੀਂ ਸੀ ਔਰਤ ਨੇ ਮੇਰੇ ਪੈਰਾਂ ਨੂੰ ਬਹੁਤ ਵਾਰੀ ਚੁੰਮਿਆ। ਫਾਰਸੀ ਦੇ ਦਿਲ ਵਿਚ ਹੋਰ ਅਤੇ ਬੁਲਾਂ ਤੇ ਕੁਝ ਹੋਰ ਸੀ।"

ਫਿਰ ਉਸਨੇ ਕਿਤਾਬ ਇਕ ਪਾਸੇ ਰਖ ਦਿਤੀ ਅਤੇ ਆਪਣੇ ਆਪ ਨੂੰ ਕਿਹਾ: ਕੀ ਜੇ ਰੱਬ ਮੇਰੇ ਘਰ ਆਵੇ ਤਾਂ ਮੈਂ ਵੀ ਵਿਧਵਾ ਔਰਤ ਦੀ ਤਰ੍ਹਾਂ ਜਾਂ ਫਾਰਸੀ ਦੀ ਤਰ੍ਹਾਂ ਉਸ ਨਾਲ ਕਰਾਂਗਾ? ਮਾਰਟਿਨ ਨੇ ਚੁਪ-ਚਾਪ

ਆਪਣਾ ਸਿਰ ਬਿਸਤਰ ਤੇ ਰਖ ਦਿਤਾ ਅਤੇ ਉਸਨੂੰ ਪਤਾ ਨਾ ਲੱਗਾ ਕਦੋਂ ਨੀਂਦਰ ਆ ਗਈ।

ਮਾਰਟਿਨ ਨੂੰ ਲਗਾ ਕਿ ਕਿਸੇ ਨੇ ਉਸਦੇ ਕੰਨ ਵਿਚ ਕੁਝ ਲਫਜ਼ ਕਹੇ ਹਨ। ਮਾਰਟਿਨ ਨੇ ਆਵਾਜ਼ ਲਗਾਈ। ਉਸਨੂੰ ਜਵਾਬ ਸਾਫ ਸੁਣਾਈ ਦਿਤਾ; "ਮਾਰਟਿਨ, ਮਾਰਟਿਨ, ਮਾਰਟਿਨ! ਕਲ ਗਲੀ ਵਿਚ ਵੇਖਣਾ, ਕਿਉਂਕਿ ਮੈਂ ਪਹੁੰਚਾਗਾ "ਉਹ ਅੱਖਾਂ ਮਲਦਾ ਉਠ ਕੇ ਕੁਰਸੀ ਤੇ ਬੈਠ ਗਿਆ ਪਰ ਉਸਨੂੰ ਇਸ ਬਾਰੇ ਪਤਾ ਨਾ ਲਗਾ ਕਿ ਉਸਨੇ ਇਹ ਲਫਜ਼ ਨੀਂਦ ਵਿਚ ਜਾਂ ਜਾਗਦੇ ਹੋਏ ਨੇ ਸੁਣੇ ਹਨ।ਉਹ ਫਿਰ ਸੌਂ ਗਿਆ।

ਅਗਲੇ ਦਿਨ ਉਹ ਜਲਦੀ ਸਵੇਰੇ ਉਠ ਪਿਆ, ਪਾਠ-ਪੂਜਾ ਕੀਤੀ, ਕੁਝ ਖਾਂਦਾ ਅਤੇ ਕਮਰੇ ਵਿਚ ਬਾਰੀ ਦੇ ਸਾਹਮਣੇ ਆਪਣੇ ਕੰਮ ਵਿਚ ਰੁਝ ਗਿਆ।ਉਸ ਦਿਨ ਕੰਮ ਕਰਦੇ ਕਰਦੇ ਨੇ ਗਲੀ ਵੱਲ ਜ਼ਿਆਦਾ ਤਕਿਆ ਪਰ ਕਿਸੇ ਨੇ ਮਾਰਟਿਨ ਨਾਲ ਗੱਲਬਾਤ ਨਾ ਕੀਤੀ।ਮਾਰਟਿਨ ਨੇ ਸੋਚਿਆ ਕਿ ਉਮਰ ਵਧਣ ਨਾਲ ਉਹ ਦੀਵਾਨਾ ਹੋ ਰਿਹਾ ਹੈ। ਉਸਨੇ ਫਿਰ ਬਾਰੀ ਵਲ ਤਕਿਆ। ਸਾਹਮਣੇ ਇਕ ਬੁਢਾ ਆਦਮੀ ਜੋ ਗਲੀਆਂ ਵਿਚੋਂ ਰੋਜ਼ ਬਰਫ ਸਾਫ ਕਰਦਾ ਹੁੰਦਾ ਸੀ ਉਹ ਅਜ ਬਰਫ ਨੂੰ ਹਟਾਂਦਾ ਥਕ ਕੇ ਦੀਵਾਰ ਦਾ ਆਸਰਾ ਲੈ ਕੇ ਖਲੋਤਾ ਸੀ। ਬੁਢਾ ਬੜਾ ਥਕ ਚੁਕਾ ਸੀ ਅਤੇ ਠੰਡ ਵੀ ਬਹੁਤ ਸੀ। ਮਾਰਟਿਨ ਨੇ ਚਾਹ ਬਣਾਈ ਅਤੇ ਬੁਢੇ ਨੂੰ ਕਿਹਾ, "ਅੰਦਰ ਆ ਜਾਉ, ਠੰਡ ਬੜੀ ਹੈ ਅਤੇ ਚਾਹ ਦਾ ਇਕ ਕਪ ਪੀ ਲਵੋ।"

ਬੁਢੇ ਨੇ ਕਿਹਾ, "ਰਬ ਤੇਰਾ ਭਲਾ ਕਰੇ! ਮੇਰੀਆਂ ਹੱਡੀਆਂ ਦਰਦ ਹੋ ਰਹੀਆਂ ਹਨ।" ਬੁਢੇ ਨੇ ਬੂਟ ਛਿਣਕ ਕੇ ਬਰਫ ਬੂਟਾਂ ਤੋਂ ਲਾਹੀ ਅਤੇ ਮਾਰਟਿਨ ਨੇ ਦੋ ਗਲਾਸ ਚਾਹ ਦੇ ਉਠਾਏ ਅਤੇ ਇਕ ਬੁਢੇ ਨੂੰ ਪੀਣ ਵਾਸਤੇ ਦਿੱਤਾ। ਬੁਢੇ ਨੇ ਗਲਾਸ ਖਾਲੀ ਕਰਕੇ ਕਿਹਾ ਬਹੁਤ ਸ਼ੁਕਰੀਆ ਪਰ ਜੇ ਇਕ ਹੋਰ ਗਲਾਸ ਚਾਹ ਦਾ ਮਿਲ ਜਾਵੇ ਤਾਂ ਫਿਰ ਮੈਂ ਠੀਕ ਹੋ ਜਾਵਾਂਗਾ।ਮਾਰਟਿਨ ਨੇ ਇਕ ਹੋਰ ਗਲਾਸ ਉਸਨੂੰ ਦਿਤਾ ਅਤੇ ਆਪ ਵੀ ਇਕ ਹੋਰ ਲਿਆ ਅਤੇ ਬਾਹਰ ਵਲ ਤਕਦਾ ਰਿਹਾ।

ਬੁਢੇ ਨੇ ਕਿਹਾ, "ਕੀ ਤੁਸੀਂ ਕਿਸੇ ਦੇ ਆਉਣ ਦੀ ਉਮੀਦ ਵਿਚ ਹੋ?"

ਮਾਰਟਿਨ ਨੇ ਰਾਤ ਦੇ ਸੁਪਨੇ ਦਾ ਉਸ ਬੁਢੇ ਨੂੰ ਦਸਿਆ ਅਤੇ ਕਿਹਾ ਕਿ ਇਹ ਸੁਪਨਾ ਉਸਦੇ ਮੰਨ ਵਿਚ ਬਾਰ ਬਾਰ ਯਾਦ ਆ ਰਿਹਾ ਹੈ।

ਮਾਰਟਿਨ ਬੋਲਦਾ ਗਿਆ, "ਫਾਰਸੀ ਅਮੀਰ ਬਾਰੇ ਦਸਿਆ ਕਿ ਰੱਬ ਦਾ ਉਸਨੇ ਸਵਾਗਤ ਚੰਗਾ ਨਾ ਕੀਤਾ ਪਰ ਵਿਧਵਾ ਔਰਤ ਨੇ ਤਾਂ ਰੱਬ ਦੇ ਸਵਾਗਤ ਲਈ ਕਮਾਲ ਹੀ ਕਰ ਦਿਤੀ। ਮਾਰਟਿਨ ਕਹਿੰਦਾ ਰਿਹਾ ਕਿ ਉਸਦੇ ਮੰਨ ਵਿਚੋਂ ਗਲ ਨਹੀਂ ਜਾ ਰਹੀ ਹੈ। ਜੇ ਰੱਬ ਆ ਜਾਵੇ ਤਾਂ ਮੈਂ ਵਿਧਵਾ ਔਰਤ ਵਾਂਗੂ ਕਰਾਂਗਾ।ਮੈਨੂੰ ਰੱਬ ਦੇ ਆਉਣ ਦੀ ਆਸ ਹੈ।"

ਬੁਢੇ ਨੇ ਸਿਰ ਹਿਲਾਇਆ ਅਤੇ ਖਾਲੀ ਗਲਾਸ ਥਲੇ ਰੱਖ ਦਿਤਾ। ਮਾਰਟਿਨ ਨੇ ਗਲਾਸ ਨੂੰ ਫਿਰ ਚਾਹ ਨਾਲ ਭਰ ਦਿਤਾ।

ਬੁਢੇ ਨੇ ਜਦੋਂ ਮਾਰਟਿਨ ਦੀਆਂ ਗੱਲਾਂ ਸੁਣੀਆਂ ਤਾਂ ਉਸ ਦੀਆਂ ਗਲਾਂ ਤੋਂ ਅਥਰੂ ਬੈਹ ਤੁਰੇ। ਬੁਢੇ ਆਦਮੀ ਨੇ ਮਾਰਟਿਨ ਦਾ ਸ਼ੁਕਰੀਆ ਕੀਤਾ ਅਤੇ ਚਲਾ ਗਿਆ।ਮਾਰਟਿਨ ਨੂੰ ਖੁਸ਼ੀ ਹੋਈ ਕਿ ਬੁਢਾ ਉਸਦੇ ਘਰ ਆਇਆ। ਫਿਰ ਉਹ ਇਕ ਜੁਤੀ ਦੀ ਮੁਰੰਮਤ ਕਰਨ ਲਗ ਪਿਆ ਪਰ ਬਹੁਤਾ ਉਸਦਾ ਧਿਆਨ ਬਾਰੀ ਤੋਂ ਬਾਹਰ ਵੇਖਣ ਵਿਚ ਹੀ ਸੀ।

ਮਾਰਟਿਨ ਦਾ ਸਿਰ ਪਵਿੱਤਰ ਪੋਥੀ ਦੇ ਵਚਨਾਂ ਨਾਲ ਭਰਿਆ ਪਿਆ ਸੀ। ਬਾਰੀ ਵਲ ਉਹ ਵੇਖਦਾ ਰਿਹਾ, ਉਸਦਾ ਗੁਆਂਢੀ ਲੰਘਿਆ, ਦੋ ਸਰਕਾਰੀ ਸਿਪਾਹੀ ਅਤੇ ਕਈ ਹੋਰ ਜਾਣੂ। ਫਿਰ ਇਕ ਔਰਤ ਲੰਘੀ ਭੈੜੀਆਂ ਜੁਰਾਬਾਂ ਪਾਈਆ ਤੇ ਕਿਸਾਨਾਂ ਵਾਲੀ ਪੈਰੀ ਜੁਤੀ। ਉਹ ਬਾਰੀ ਦੇ ਨਾਲ ਕੰਧ ਨਾਲ ਲਗ ਕੇ ਖਲੋ ਗਈ। ਉਹ ਮਾਰਟਿਨ ਲਈ ਇਕ ਅਜਨਬੀ ਸੀ। ਔਰਤ ਦੇ ਪੁਰਾਣੇ ਗਰਮੀਆਂ ਵਾਲੇ ਕੱਪੜੇ ਅਤੇ ਉਹ ਵੀ ਫਟੇ ਹੋਏ ਸਨ ਭਾਵੇਂ ਅਤ ਦੀ ਠੰਡ ਸੀ ਅਤੇ ਉਸਦੀਆਂ ਬਾਹਾਂ ਵਿਚ ਬਚਾ ਸੀ। ਕੰਧ ਨਾਲ ਲਗ ਕੇ ਉਹ ਬਚੇ ਨੂੰ ਛਾਤੀ ਨਾਲ ਲਗਾ ਰਹੀ ਸੀ ਪਰ ਉਸ ਕੋਲ ਕੋਈ ਕੱਪੜਾ ਨਹੀਂ ਸੀ ਬੱਚੇ ਨੂੰ ਕਜਣ ਲਈ। ਉਹ ਔਰਤ ਬੱਚੇ ਨੂੰ ਚੁਪ ਕਰਾ ਰਹੀ ਸੀ ਪਰ ਬੱਚਾ ਰੋਈ ਜਾ ਰਿਹਾ ਸੀ। ਮਾਰਟਿਨ ਬਾਹਰ ਨਿਕਲਿਆ ਅਤੇ ਉਸਨੇ ਕਿਹਾ, "ਉਹ ਚੰਗੀ ਔਰਤ ! ਤੂੰ ਠੰਡ ਵਿਚ ਬੱਚੇ ਨਾਲ ਕਿਉਂ ਬਾਹਰ ਖਲੋਤੀ ਹੈਂ। ਤੂੰ ਅੰਦਰ ਆ ਤੇ ਬੱਚੇ ਨੂੰ ਅੰਦਰ ਨਿਘ ਵਿਚ ਚੰਗੀ ਤਰ੍ਹਾਂ ਲਪੇਟ ਲੈ।"

ਔਰਤ ਨੇ ਅਵਾਜ਼ ਸੁਣੀ ਅਤੇ ਮੁੜ ਕੇ ਵੇਖਿਆ। ਔਰਤ ਇਕ ਬਜ਼ੁਰਗ ਨੂੰ ਐਨਕਾਂ ਪਾਈ, ਕੰਮ ਵਾਲੇ ਕੱਪੜੇ ਪਹਿਨੇ ਹੋਏ ਅਤੇ ਉਸਨੂੰ ਅੰਦਰ ਆਉਣ ਲਈ ਕਹਿੰਦੇ ਨੂੰ ਵੇਖ ਕੇ ਹੈਰਾਨ ਹੋਈ ਅਤੇ ਅੰਦਰ ਆ ਗਈ। ਮਾਰਟਿਨ ਨੇ ਉਸਨੂੰ ਮੰਜੇ ਤੇ ਬਿਠਾ ਕੇ ਸਟੋਵ ਦੇ ਸਾਹਮਣੇ ਕੀਤਾ ਤਾਂਕਿ ਔਰਤ ਅਤੇ ਬੱਚੇ ਨੂੰ ਨਿਘ ਆਵੇ ਅਤੇ ਮਾਰਟਿਨ ਨੇ ਔਰਤ ਨੂੰ ਕਿਹਾ ਕਿ ਬੱਚੇ ਨੂੰ ਦੁਧ ਚੁੰਗਾਅ ਲੈਅ।

ਔਰਤਨੇਕਿਹਾ,"ਮੈਨੂੰ ਦੁਧ ਨਹੀਂ ਆ ਰਿਹਾ ਹੈ ਕਿਉਂਕਿ ਮੈਂ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ।ਉਸਨੇ ਬੱਚੇ ਨੂੰ ਛਾਤੀ ਨਾਲ ਲਗਾ ਲਿਆ।

ਮਾਰਟਿਨ ਨੇ ਮੇਜ ਤੇ ਮਠਿਆਈ ਅਤੇ ਹੋਰ ਚੀਜ਼ਾਂ ਖਾਣ ਲਈ ਰਖੀਆਂ ਅਤੇ ਕਿਹਾ, "ਬੈਠ ਅਤੇ ਖਾਅ ਮੇਰੀ ਪੁਤਰੀ; ਮੈਂ ਬੱਚੇ ਨੂੰ ਪਕੜਦਾ ਹਾਂ।

ਔਰਤ ਨੇ ਕਿਹਾ ਤੁਸੀਂ ਕਿਉਂ ਤਕਲੀਫ ਕਰਦੇ ਹੋ।ਮੇਰਾ ਬੱਚਾ ਹੈ।ਮੈਂ ਖੁਦ ਇਸਦਾ ਖਿਆਲ ਰਖ ਸਕਦੀ ਹਾਂ। ਪਰ ਮਾਰਟਿਨ ਨੇ ਬੱਚੇ ਨੂੰ ਬਿਸਤਰ ਉਪਰ ਲਿਟਾ ਦਿਤਾ ਅਤੇ ਆਪ ਕੋਲ ਬੈਠ ਗਿਆ। ਔਰਤ ਨੇ ਖਾਣਾ ਸ਼ੁਰੂ ਕਰ ਦਿਤਾ ਪਰ ਬੱਚਾ ਰੋਂਦਾ ਰਿਹਾ।

ਮਾਰਟਿਨ ਬੱਚੇ ਨਾਲ ਖੇਡਦਾ ਰਿਹਾ। ਪਹਿਲਾਂ ਤਾਂ ਬੱਚਾ ਚੁਪ ਰਿਹਾ ਪਰ ਫਿਰ ਖਿੜਖਿੜਾ ਕੇ ਹੱਸਿਆ।ਮਾਰਟਿਨ ਨੂੰ ਬੜਾ ਚੰਗਾ ਲਗਿਆ।

ਔਰਤ ਖਾਂਦੀ ਰਹੀ ਅਤੇ ਦਸਿਆ, "ਮੈਂ ਇਕ ਫੌਜੀ ਸਿਪਾਹੀ ਦੀ ਪਤਨੀ ਹਾਂ।ਅੱਠ ਮਹੀਨੇ ਤੋਂ ਆਪਣੇ ਪਤੀ ਬਾਰੇ ਕੁਝ ਨਹੀਂ ਸੁਣਿਆ ਹੈ। ਮੇਰੇ ਕੋਲ ਕਿਰਾਏ ਦਾ ਮਕਾਨ ਸੀ ਪਰ ਜਦੋਂ ਬੱਚਾ ਹੋਇਆ ਤਾਂ ਮਾਲਕ ਨੇ ਮੈਨੂੰ ਘਰ ਵਿਚ ਨਾ ਰਹਿਣ ਦਿਤਾ।"

ਮਾਰਟਿਨ ਨੇ ਕਿਹਾ, "ਕੀ ਤੇਰੇ ਕੋਲ ਗਰਮ ਕੱਪੜੇ ਨਹੀਂ ਹਨ?"

ਔਰਤ ਨੇ ਕਿਹਾ, "ਨਹੀਂ ਹਨ। ਤਿੰਨ ਦਿਨ ਹੋਏ ਮੈਂ ਛੇ ਪੈਂਨਸ ਦਾ

ਸ਼ਾਲ ਵੇਚਿਆ ਤਾਂਕਿ ਕੁਝ ਖਾਅ ਸਕਾਂ।"

ਔਰਤ ਉਠੀ ਅਤੇ ਬੱਚੇ ਨੂੰ ਚੁਕ ਲਿਆ। ਮਾਰਟਿਨ ਉਠ ਖਲੋਤਾ। ਉਸਨੂੰ ਇਕ ਪੁਰਾਣਾ ਗਰਮ ਕੋਟ ਮਿਲਿਆ; ਔਰਤ ਨੂੰ ਬੱਚਾ ਲਪੇਟਣ ਲਈ ਦਿਤਾ। ਔਰਤ ਨੇ ਕੋਟ ਵੇਖਿਆ, ਬਜ਼ੁਰਗ ਵਲ ਦੇਖਿਆ ਅਤੇ ਫੁਟ ਕੇ ਰੋ ਪਈ। ਮਾਰਟਿਨ ਨੇ ਮੂੰਹ ਪਰੇ ਕਰ ਲਿਆ।

ਔਰਤ ਨੇ ਕਿਹਾ, " ਤੁਹਾਡਾ ਰੱਬ ਭਲਾ ਕਰੇ। ਰੱਬ ਨੇ ਹੀ ਜ਼ਰੂਰ ਮੈਨੂੰ ਤੁਹਾਡੀ ਬਾਰੀ ਕੋਲ ਖਲਾਰਿਆ ਹੋਣਾ ਹੈ ਮੈਨੂੰ; ਮੇਰੇ ਬੱਚੇ ਨੇ ਠੰਡ ਨਾਲ ਜੰਮ ਜਾਣਾ ਸੀ। ਰੱਬ ਨੇ ਹੀ ਤੁਹਾਨੂੰ ਬਾਰੀ ਵਿਚੋਂ ਮੈਨੂੰ ਵੇਖਣ ਲਈ ਖੜ੍ਹਾ ਕੀਤਾ ਹੋਣਾ ਹੈ ਤਾਂਕਿ ਤੁਸੀਂ ਮੇਰੇ ਗਰੀਬ ਉਪਰ ਤਰਸ ਖਾ ਸਕੋ।"

ਮਾਰਟਿਨ ਨੇ ਹੱਸ ਕੇ ਕਿਹਾ, "ਜ਼ਰੂਰ ਉਸ ਰੱਬ ਨੇ ਹੀ ਮੇਰੇ ਕੋਲੂ ਇਹ ਕਰਵਾਇਆ ਹੈ। ਮਾਰਟਿਨ ਨੇ ਆਪਣੇ ਸੁਪਨੇ ਬਾਰੇ ਦਸਿਆ ਕਿ ਰੱਬ ਨੇ ਕਿਹਾ ਸੀ ਇਕ ਦਿਨ ਉਹ ਜ਼ਰੂਰ ਮੇਰੇ ਕੋਲ ਆਵੇਗਾ।"

ਔਰਤ ਨੇ ਕਿਹਾ, "ਕੌਣ ਜਾਣਦਾ ਹੈ? ਹਾਂ, ਪਰ ਉਸਦੀ ਦਯਾ ਕਰਕੇ ਇਹ ਸਭ ਸੰਭਵ ਹੋ ਸਕਦਾ ਹੈ।"

ਔਰਤ ਉਠ ਪਈ ਉਸਨੇ ਕੋਟ ਪਹਿਣ ਲਿਆ ਅਤੇ ਬੱਚੇ ਨੂੰ ਵੀ ਵਿਚ ਲਪੇਟ ਲਿਆ। ਉਸਨੇ ਇਕ ਵਾਰੀ ਹੋਰ ਮਾਰਟਿਨ ਦਾ ਸ਼ੁਕਰੀਆ ਕੀਤਾ। ਮਾਰਟਿਨ ਨੇ ਛੇ ਪੈਂਨਿਸ ਅਪਣੇ ਕੋਲੋਂ ਸ਼ਾਲ ਖਰੀਦਨ ਲਈ ਦਿੱਤੇ। ਔਰਤ ਨੇ ਧੰਨਵਾਦ ਕੀਤਾ ਅਤੇ ਉਥੋਂ ਚਲੀ ਗਈ।

ਮਾਰਟਿਨ ਨੇ ਕੰਮ ਸ਼ੁਰੂ ਕਰ ਦਿਤਾ ਪਰ ਉਸਦਾ ਧਿਆਨ ਬਾਰੀ ਵਲ ਹੀ ਰਿਹਾ ਕਿ ਕਿਸੇ ਨੇ ਆਉਣਾ ਹੈ। ਥੋੜ੍ਹੀ ਦੇਰ ਬਾਦ ਮਾਰਟਿਨ ਨੇ ਇਕ ਸੇਬ ਵੇਚਣ ਵਾਲੀ ਔਰਤ ਨੂੰ ਬਾਰੀ ਦੇ ਕੋਲ ਖੜ੍ਹੀ ਵੇਖਿਆ ਜਿਸ ਕੋਲ ਸੇਬਾਂ ਵਾਲੀ ਟੋਕਰੀ ਸੀ। ਕੁਝ ਸਮਾਨ ਉਹ ਪਿਠ ਤੇ ਰਖ ਕੇ ਜਾ ਰਹੀ ਸੀ ਜਿਸਨੂੰ ਉਹ ਕਦੀ ਸਜੇ ਅਤੇ ਕਦੀ ਖਬੇ ਕਰਦੀ ਕਿਉਂਕਿ ਉਹ ਕੰਮ ਕਰਕੇ ਥੱਕ ਚੁੱਕੀ ਸੀ। ਉਸਨੇ ਥੋੜ੍ਹਾ ਅਰਾਮ ਕਰਨ ਲਈ ਸੇਬਾਂ ਦੀ ਟੋਕਰੀ ਥਲੇ ਰਖੀ ਹੀ ਸੀ ਕਿ ਇਕ ਲੜਕਾ ਸੇਬ ਲੈ ਕੇ ਖਿਸਕ ਗਿਆ ਪਰ ਸੇਬ ਵੇਚਨ ਵਾਲੀ ਨੇ ਲੜਕੇ ਨੂੰ ਮੋਢੇ ਤੋਂ ਪਕੜ ਲਿਆ। ਲੜਕਾ ਛੁਡਾ ਕੇ ਦੌੜਨਾ ਚਾਹੁੰਦਾ ਸੀ ਪਰ ਔਰਤ ਨੇ ਉਸਨੂੰ ਵਾਲਾਂ ਤੋਂ ਪਕੜ ਲਿਆ। ਲੜਕਾ ਰੋਣ ਲਗਾ। ਮਾਰਟਿਨ ਇਕਦਮ ਬਾਹਰ ਆ ਗਿਆ। ਉਹ ਥਿੜਕਿਆ ਅਤੇ ਉਸਦੀ ਐਨਕ ਵੀ ਨਕ ਤੋਂ ਥਲੇ ਜ਼ਮੀਨ ਤੇ ਡਿਗ ਗਈ। ਔਰਤ ਲੜਕੇ ਨੂੰ ਪੁਲੀਸ ਕੋਲ ਲੈ ਜਾਣ ਦਾ ਕਹਿ ਰਹੀ ਸੀ। ਲੜਕਾ ਤਰਲੇ ਨਾਲ ਕਹਿ ਰਿਹਾ ਸੀ ਮੈਨੂੰ ਮੁਆਫ ਕਰਦੇ। ਮਾਰਟਿਨ ਨੇ ਉਹਨਾਂ ਨੂੰ ਅਲਗ ਅਲਗ ਕੀਤਾ ਅਤੇ ਲੜਕੇ ਨੂੰ ਮੁਆਫ ਕਰਨ ਲਈ ਔਰਤ ਨੂੰ ਕਿਹਾ। ਔਰਤ ਲੜਕੇ ਨੂੰ ਸਖਤ ਸਬਕ ਸਿਖਾਣਾ ਚਾਹੁੰਦੀ ਸੀ। ਮਾਰਟਿਨ ਨੇ ਔਰਤ ਨੂੰ ਸਮਝਾਇਆ ਕਿ ਬੱਚੇ ਨੂੰ ਮੁਆਫ ਕਰ ਦੇਵੇ।

ਮਾਰਟਿਨ ਨੇ ਕਿਹਾ, "ਮੈਂ ਪੈਸੇ ਦਿੰਦਾ ਹਾਂ।"

ਔਰਤ ਬੋਲੀ, "ਤੁਸੀਂ ਲੜਕੇ ਨੂੰ ਖਰਾਬ ਬਣਾ ਰਹੇ ਹੋ। ਮੈਂ ਮੁਆਫ ਨਹੀਂ ਕਰਾਂਗੀ।"

ਮਾਰਟਿਨ ਨੇ ਕਿਹਾ, "ਰੱਬ ਤੇ ਸਭ ਨੂੰ ਮੁਆਫ ਕਰ ਦਿੰਦਾ ਹੈ। ਜੇ ਅਸੀਂ ਮੁਆਫ ਨਹੀਂ ਕਰਦੇ ਤਾਂ ਫਿਰ ਸਾਨੂੰ ਵੀ ਰੱਬ ਮੁਆਫ ਨਹੀਂ ਕਰੇਗਾ।" ਬੁਢੀ ਔਰਤ ਚੁਪ ਹੋ ਗਈ। ਉਸਨੇ ਡੂੰਘਾ ਸਾਹ ਲਿਆ ਅਤੇ ਬੋਲੀ, "ਮੇਰੇ ਬਹੁਤ ਸਾਰੇ ਪੋਤਰੇ ਅਤੇ ਪੋਤਰੀਆਂ ਹਨ ਅਤੇ ਮੈਨੂੰ ਇਸ ਉਮਰ ਵਿਚ ਵੀ ਉਹਨਾਂ ਲਈ ਕੰਮ ਕਰਨਾ ਪੈਂਦਾ ਹੈ। ਮੇਰੇ ਕੋਲ ਛੋਟਾ ਜਿਹਾ ਘਰ ਹੈ। ਕੀ ਸਭ ਨੂੰ ਮੇਹਨਤ ਨਹੀਂ ਕਰਨੀ ਚਾਹੀਦੀ?"

ਮਾਰਟਿਨ ਨੇ ਕਿਹਾ, "ਹਾਂ, ਤੁਸੀਂ ਠੀਕ ਕਹਿ ਰਹੇ ਹੋ ਪਰ ਫਿਰ ਵੀ ਲੜਕੇ ਨੂੰ ਮੁਆਫ ਕਰ ਦਿਉ।"

ਬੁਢੀ ਔਰਤ ਭਾਰ ਚੁਕਨ ਲਗੀ ਪਰ ਲੜਕੇ ਨੇ ਅਗੇ ਹੋ ਕੇ ਆਪ ਭਾਰ ਚੁਕ ਲਿਆ ਅਤੇ ਉਹ ਦੋਨੋਂ ਜਣੇ ਗਲੀ ਵਿਚ ਇਕੱਠੇ ਚਲ ਪਏ।

ਮਾਰਟਿਨ ਖਲੋ ਕੇ ਇਹ ਦ੍ਰਿਸ਼ ਵੇਖਦਾ ਰਿਹਾ। ਉਸਨੂੰ ਬੜਾ ਚੰਗਾ ਲਗਾ। ਮਾਰਟਿਨ ਨੇ ਥਲੇ ਜ਼ਮੀਨ ਤੋਂ ਐਨਕ ਚੁਕ ਲਈ ਜੋ ਟੁਟੀ ਨਹੀਂ ਸੀ। ਉਹ ਫਿਰ ਕੰਮ ਕਰਨ ਲਈ ਬੈਠ ਗਿਆ। ਹਨ੍ਹੇਰਾ ਹੋ ਰਿਹਾ ਸੀ ਅਤੇ ਉਹ ਠੀਕ ਤਰ੍ਹਾਂ ਵੇਖ ਨਹੀਂ ਸਕਦਾ ਸੀ। ਉਹ ਘਰ ਵਾਪਸ ਆ ਗਿਆ ਅਤੇ ਪਵਿੱਤਰ ਕਿਤਾਬ ਪੜ੍ਹਣ ਲਗ ਪਿਆ। ਉਸਨੂੰ ਫਿਰ ਸੁਪਨਾ ਯਾਦ ਆਇਆ ਅਤੇ ਉਸਨੂੰ ਕਿਸੇ ਦੀ ਉਹਦੇ ਪਿਛੇ ਪਿਛੇ ਚਲਣ ਦੀ ਆਹਟ ਸੁਣਾਈ ਦਿਤੀ। ਉਸਨੇ ਮੁੜ ਕੇ ਵੇਖਿਆ ਪਰ ਉਥੇ ਕੋਈ ਨਹੀਂ ਸੀ। ਉਸਦੇ ਕੰਨ ਵਿਚ ਇਕ ਪਿਆਰੀ ਅਵਾਜ਼ ਨੇ ਕਿਹਾ, "ਮਾਰਟਿਨ, ਮਾਰਟਿਨ, ਤੂੰ ਮੈਨੂੰ ਨਹੀਂ ਜਾਣਦਾ ਹੈਂ?"

ਮਾਰਟਿਨ ਬੜਬੜਾਇਆ, "ਤੂੰ ਕੌਣ ਹੈਂ?"

ਅਵਾਜ਼ ਬੋਲੀ, "ਇਹ ਮੈਂ ਹਾਂ", ਅਤੇ ਬੜੇ ਥੋੜ੍ਹੇ ਪਲ ਵਾਸਤੇ ਹੀ ਹਨ੍ਹੇਰੇ ਵਿਚੋਂ ਬਰਫ ਸਾਫ ਕਰਨ ਵਾਲਾ ਬੁਢਾ ਹਸਦਾ ਹੋਇਆ ਮਾਰਟਿਨ ਨੂੰ ਸਾਫ ਨਜ਼ਰ ਆਇਆ ਅਤੇ ਫਿਰ ਇਕਦਮ ਗਾਇਬ ਹੋ ਗਿਆ।

ਅਵਾਜ਼ ਫਿਰ ਬੋਲੀ, "ਇਹ ਮੈਂ ਹਾਂ", ਅਤੇ ਬੜੇ ਥੋੜ੍ਹੇ ਪਲ ਵਾਸਤੇ ਹੀ ਹਨ੍ਹੇਰੇ ਵਿਚੋਂ ਉਹੀ ਔਰਤ ਬੱਚੇ ਨੂੰ ਚੁਕੀ ਮੁਸਕਰਾਂਦੀ ਹੋਈ ਮਾਰਟਿਨ ਨੂੰ ਸਾਫ ਨਜ਼ਰ ਆਈ ਅਤੇ ਫਿਰ ਬਦਲਾਂ ਵਾਂਗੂੰ ਇਕਦਮ ਗਾਇਬ ਹੋ ਗਈ।

ਅਵਾਜ਼ ਇਕ ਵਾਰੀ ਫਿਰ ਬੋਲੀ, "ਇਹ ਮੈਂ ਹਾਂ", ਅਤੇ ਬੜੇ ਥੋੜ੍ਹੇ ਪਲ ਵਾਸਤੇ ਹੀ ਸੇਬ ਵੇਚਣ ਵਾਲੀ ਔਰਤ ਅਤੇ ਲੜਕਾ ਦੋਨੋਂ ਹੱਸਦੇ ਹੋਏ ਹਨ੍ਹੇਰੇ ਵਿਚੋਂ ਮਾਰਟਿਨ ਨੂੰ ਸਾਫ ਨਜ਼ਰ ਆਏ ਅਤੇ ਫਿਰ ਇਕਦਮ ਗਾਇਬ ਹੋ ਗਏ।

ਇਹ ਸਭ ਕੁਝ ਤਕਦੇ ਹੋਏ ਮਾਰਟਿਨ ਦਾ ਦਿਲ ਖੁਸ਼ੀ ਨਾਲ ਭਰਦਾ ਗਿਆ। ਉਸਨੂੰ ਲਗਾ ਕਿ ਜਨਮਾਂ ਜਨਮਾਂ ਤੋਂ ਭੁਖੇ ਮਾਰਟਿਨ ਨੂੰ ਉਹੀ ਅਵਾਜ਼ ਖਾਣ ਵਾਸਤੇ ਦਿੰਦੀ ਚਲੀ ਆ ਰਹੀ ਹੈ; ਉਸਨੂੰ ਲਗਾ ਕਿ ਉਹੀ ਅਵਾਜ਼ ਉਸ ਪਿਆਸੇ ਦੀ ਜਨਮਾਂ ਜਨਮਾਂ ਤੋਂ ਪਿਆਸ ਮਿਟਾਂਦੀ ਚਲੀ ਆ ਰਹੀ ਹੈ ਅਤੇ ਉਸਨੂੰ ਲਗਾ ਕਿ ਜਨਮਾਂ ਜਨਮਾਂ ਤੋਂ ਉਹੀ ਅਵਾਜ਼ ਉਸਦਾ ਸਾਥ ਦਿੰਦੀ ਆ ਰਹੀ ਹੈ ਅਤੇ ਉਸਨੂੰ ਲਗਾ ਕਿ ਜਨਮਾਂ ਜਨਮਾਂ ਤੋਂ ਜੇ ਉਹ ਕਿਸੇ ਦਾ ਸਵਾਰਦਾ ਹੈ ਤਾਂ ਉਹੀ ਅਵਾਜ਼ ਉਸ ਤੋਂ ਜ਼ਿਆਦਾ ਮਾਰਟਿਨ ਨੂੰ ਸਵਾਰਦੀ ਰਹੀ ਹੈ। ਉਸਨੂੰ ਲਗਾ ਉਹੀ ਅਵਾਜ਼ ਹੈ ਜਿਸਦੀ ਉਡੀਕ ਵਿਚ ਮੈਂ ਸੀ। ਅਵਾਜ਼ ਮਿਠੀ ਤੋਂ ਮਿਠੀ ਅਤੇ ਅਤ ਸੁਰੀਲੀ ਸੀ। ਮਾਰਟਿਨ ਨੇ ਆਪ ਮੁਹਾਰੇ ਕਿਹਾ, "ਮੇਰਾ ਸੁਪਨਾ ਸੱਚਾ ਸੀ।"

ਸਿਹਤ ਸੰਭਾਲ

# ਅਨਾਰ ਕਰਦਾ ਹੈ ਤੁਹਾਡੇ ਦਿਲ ਅਤੇ ਜਾਨ ਦੀ ਰੱਖਿਆ

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ।

ਯੋਗ ਇਕ ਸੰਪੂਰਨ ਇਲਾਜ ਵਿਧੀ ਹੈ, ਇਸ ਵਿਚ ਕੋਈ ਸ਼ੱਕ ਨਹੀਂ, ਪਰ ਸਿਰਫ ਕੁਝ ਆਸਣ ਜਾਂ ਸਵਾਸ ਪ੍ਰਕਿਰਿਆਵਾਂ ਸੰਪੂਰਨ ਯੋਗ ਨਹੀਂ ਹਨ। ਯੋਗ ਦੇ 8 ਅੰਗ ਹਨ : ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਅਤੇ ਸਮਾਧੀ।

ਸਵਾਲ ਉਠਦਾ ਹੈ ਕਿ ਸਰੀਰਕ ਅਭਿਆਸ ਕ੍ਰਮ ਮਹੱਤਵਪੂਰਨ ਹੈ ਜਾਂ ਮਾਨਸਿਕ ਅਭਿਆਸ ਕ੍ਰਮ? ਸਾਡਾ ਸਰੀਰ ਅਤੇ ਸਾਡੀ ਸ਼ਖ਼ਸੀਅਤ ਅਸਲ ਵਿਚ ਸਾਡੀ ਭਾਵ ਪ੍ਰਕਿਰਿਆ ਦੁਆਰਾ ਨਿਰਮਿਤ ਹੁੰਦੀ ਹੈ। ਜਿਹੋ ਜਿਹਾ ਅਸੀਂ ਲਗਾਤਾਰ ਚਿੰਤਨ ਕਰਦੇ ਹਾਂ ਜਾਂ ਸੋਚਦੇ ਹਾਂ, ਉਹੋ ਜਿਹੇ ਹੀ ਅਸੀਂ ਹੋ ਜਾਂਦੇ ਹਾਂ। ਇਸ ਲਈ ਸਾਡੀ ਸੋਚ ਦਾ ਸਿੱਧਾ ਅਸਰ ਸਾਡੀ ਸਿਹਤ ਜਾਂ ਰੋਗ 'ਤੇ ਵੀ ਪੈਂਦਾ ਹੈ। ਇਹੀ ਵਿਚਾਰ ਪ੍ਰਕਿਰਿਆ ਜਾਂ ਆਤਮ-ਸੰਸੂਚਨ ਜਾਂ ਸੂਚਨਾ ਰੋਗ ਦੇ ਇਲਾਜ ਵਿਚ ਵੀ ਸਭ ਤੋਂ ਮਹੱਤਵਪੂਰਨ ਪ੍ਰਕਿਰਿਆ ਹੈ ਅਰਥਾਤ ਆਪਣੇ ਮਨ ਵਿਚ ਉਠਣ ਵਾਲੇ ਭਾਵ ਜਾਂ ਵਿਚਾਰ ਨਾਲ ਦਿਮਾਗ ਨੂੰ ਪ੍ਰਭਾਵਿਤ ਕਰਨਾ ਹੈ। ਇਥੇ ਮਨ ਮਹੱਤਵਪੂਰਨ ਹੋ ਜਾਂਦਾ ਹੈ। ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਜਾਂ ਉਮੀਦ ਕਰਦੇ ਹਾਂ, ਉਹ ਮਨ ਮਸਤਿਕ ਦੀ ਅਲਫਾ ਅਵਸਥਾ ਵਿਚ ਹੀ ਪੂਰਾ ਹੁੰਦਾ ਹੈ।



ਹੁਣ ਸਵਾਲ ਉਠਦਾ ਹੈ ਕਿ ਜੇਕਰ ਮਨ ਦਾ ਹੀ ਸਾਰਾ ਖੇਡ ਹੈ ਤਾਂ ਫਿਰ ਆਸਣ ਅਤੇ ਪ੍ਰਾਣਾਯਾਮ ਦੀ ਕੀ ਲੋੜ ਹੈ? ਸਰੀਰਕ ਕਿਰਿਆਵਾਂ ਅਤੇ ਸਾਹ ਦੇ ਅਭਿਆਸ, ਭੌਤਿਕ ਸਰੀਰ ਨੂੰ ਮਨ ਨਾਲ ਜੋੜਨ ਅਤੇ ਮਨ ਨੂੰ ਸਹੀ ਦਿਸ਼ਾ ਵਿਚ ਲਿਜਾਣ ਲਈ ਜ਼ਰੂਰੀ ਹਨ। ਜਿਵੇਂ ਰੋਟੀ ਬਣਦੀ ਤਾਂ ਆਟੇ ਨਾਲ ਹੀ ਹੈ ਪਰ ਰੋਟੀ ਬਣਾਉਣ ਤੋਂ ਪਹਿਲਾਂ ਆਟੇ ਵਿਚ ਉਚਿਤ ਮਾਤਰਾ ਵਿਚ ਪਾਣੀ ਪਾ ਕੇ ਉਸ ਨੂੰ ਗੁੰਨ੍ਹਣਾ ਅਤੇ ਉਸ ਨੂੰ ਤਿਆਰ ਕਰਨਾ, ਜਿਸ ਨਾਲ ਰੋਟੀ ਸਹੀ ਆਕਾਰ ਦੀ ਅਤੇ ਖਾਣ ਵਿਚ ਚੰਗੀ ਬਣੇ, ਉਸੇ ਹੀ ਤਰ੍ਹਾਂ ਮਨ ਨੂੰ ਅਲਫਾ ਅਵਸਥਾ ਵਿਚ ਲਿਜਾਣ ਦੇ ਲਈ ਯੋਗ ਆਸਣ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਜੇਕਰ ਵਿਅਕਤੀ ਦਾ ਮਨ ਬੇਹੱਦ ਚੰਚਲ ਨਹੀਂ ਹੈ ਅਤੇ ਆਸਾਨੀ ਨਾਲ ਇਕਾਗਰਤਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਲਈ ਆਸਣ ਅਤੇ ਪ੍ਰਾਣਾਯਾਮ ਦਾ ਵਧੇਰੇ ਅਭਿਆਸ ਜ਼ਰੂਰੀ ਨਾ ਵੀ ਹੋਵੇ, ਪਰ ਚੰਚਲ ਚਿੱਤ ਵਾਲਿਆਂ ਲਈ ਯੋਗ ਦਾ ਅਭਿਆਸ ਜ਼ਰੂਰੀ ਹੈ। ਜੇਕਰ ਤੁਹਾਡਾ ਮਨ ਘੱਟ ਚੰਚਲ ਹੈ ਜਾਂ ਤੁਸੀਂ ਪਹਿਲਾਂ ਹੀ ਉਚਿਤ ਅਭਿਆਸ ਕਰ ਚੁੱਕੇ ਹੋ ਤਾਂ ਸਰੀਰ ਨੂੰ ਸਹੀ ਆਸਣ ਵਿਚ ਰੱਖ ਕੇ 2-4 ਡੂੰਘੇ ਸਾਹ ਲੈਣ ਨਾਲ ਹੀ ਤੁਸੀਂ ਅਲਫਾ ਅਵਸਥਾ ਵਿਚ ਪਹੁੰਚ ਜਾਵੋਗੇ ਅਤੇ ਇਸ ਅਵਸਥਾ ਵਿਚ ਪਹੁੰਚ ਕੇ ਤੁਸੀਂ ਜੋ ਸੋਚੋਗੇ ਜਾਂ ਜੋ ਸੋਚ ਤੁਹਾਡੀ ਹੋਵੇਗੀ, ਉਹੀ ਭੌਤਿਕ ਜਗਤ ਵਿਚ ਅਸਲੀਅਤ ਗ੍ਰਹਿਣ ਕਰ ਲਵੇਗੀ।

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ। ਚੇਤਨ ਮਨ ਦੁਆਰਾ ਅਵਚੇਤਨ ਮਨ ਨੂੰ ਪ੍ਰਭਾਵਿਤ ਕਰਨਾ ਵੀ ਅਸਲ ਇਲਾਜ ਵਿਧੀ ਹੈ ਅਤੇ ਇਕਾਗਰਤਾ ਅਤੇ ਧਿਆਨ ਦੇ ਬਿਨਾਂ ਇਹ ਅਸੰਭਵ ਹੈ। ਇਕਾਗਰਤਾ ਅਤੇ ਧਿਆਨ ਨਾਲ ਅਸੀਂ ਅਲਫਾ ਲੈਵਲ ਵਿਚ ਪਹੁੰਚ ਜਾਂਦੇ ਹਾਂ ਜਾਂ ਕਹੋ ਅਲਫਾ ਲੈਵਲ ਵਿਚ ਪਹੁੰਚ ਕੇ ਹੀ ਇਕਾਗਰਤਾ ਅਤੇ ਧਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਅਲਫਾ ਅਵਸਥਾ ਕਹੋ ਜਾਂ ਧਿਆਨ ਅਤੇ ਇਕਾਗਰਤਾ ਦੀ ਅਵਸਥਾ ਇਸੇ ਅਵਸਥਾ ਵਿਚ ਚੇਤਨ ਮਨ, ਅਵਚੇਤਨ ਮਨ ਨੂੰ ਪ੍ਰਭਾਵਿਤ ਕਰਦਾ ਹੈ। ਆਮ ਅਵਸਥਾ ਵਿਚ ਵੀ ਸੋਚੇ ਹੋਏ ਵਿਚਾਰ ਅਸਲੀਅਤ ਵਿਚ ਤਬਦੀਲ ਹੋ ਜਾਂਦੇ ਹਨ।

ਜੇਕਰ ਤੁਸੀਂ ਧਿਆਨ ਅਵਸਥਾ ਦੇ ਬਿਨਾਂ ਦੁਹਰਾਅ ਰਹੇ ਹੋ ਕਿ ਮੈਂ ਤੰਦਰੁਸਤ ਹੋ ਰਿਹਾ ਹਾਂ ਤਾਂ ਉਸ ਹਾਲਤ ਵਿਚ ਤੁਹਾਡੇ ਵਿਚਾਰ, ਸੰਕਲਪ ਦੇ ਵਿਰੋਧੀ ਵਿਚਾਰ ਵੀ ਪੈਦਾ ਹੋ ਜਾਂਦੇ ਹਨ। ਧਿਆਨ ਜਾਂ ਇਕਾਗਰਤਾ ਦੀ ਅਵਸਥਾ ਵਿਚ ਹੀ ਕਿਸੇ ਮਨਚਾਹੇ ਵਿਚਾਰ ਨੂੰ ਰੱਖਿਆ ਜਾ ਸਕਦਾ ਹੈ। ਇਸੇ ਹਾਲਤ ਵਿਚ ਹੀ ਦਵੰਦ ਤੋਂ ਮੁਕਤੀ ਸੰਭਵ ਹੈ। ਇਸ ਅਵਸਥਾ ਲਈ ਮਨ ਦੀ ਗਹਿਰਾਈ ਵਿਚ ਉਤਰਨਾ ਜਾਂ ਅਲਫਾ ਪੱਧਰ ਵਿਚ ਪਹੁੰਚਣਾ ਜ਼ਰੂਰੀ ਹੈ। ਇਹੀ ਉਹ ਅਵਸਥਾ ਹੈ, ਜਿਥੋਂ ਅਸੀਂ ਰੋਗ ਨੂੰ ਨਿਰਮੂਲ ਕਰ ਸਕਦੇ ਹਾਂ ਜਾਂ ਰੋਗ ਦੀ ਦਰਦ ਤੋਂ ਮੁਕਤ ਹੋ ਸਕਦੇ ਹਾਂ।

ਸੁੱਖ-ਦੁੱਖ, ਲਾਭ-ਹਾਨੀ, ਆਮਦਨ-ਖਰਚ, ਮਾਣ-ਅਪਮਾਨ ਤੋਂ ਉੱਪਰ ਉਠ ਕੇ ਸਮਤਾ ਵਿਚ ਸਥਿਤ ਹੋ ਜਾਣਾ ਹੀ ਅਸਲ ਵਿਚ ਇਲਾਜ ਹੈ। ਇਥੋਂ ਹੀ ਧਿਆਨ ਤੋਂ ਸਮਾਧੀ ਵੱਲ ਵਧਣ ਦਾ ਮਾਰਗ ਸ਼ੁਰੂ ਹੁੰਦਾ ਹੈ। ਇਹੀ ਯੋਗ ਦੀ ਸਿਖਰ ਅਵਸਥਾ ਹੈ। ਇਸੇ ਵਿਚ ਹੀ ਯੋਗ ਦੀ ਪੂਰਨਤਾ ਹੈ।

# ਜੇਠੂ ਦਾ ਕੋਠਾ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

ਸਟੇਜ ਨੰ. 1 ਤੋਂ

**ਸ਼ਾਮਾਂ** : ਰੁਜ਼ਗਾਰ ਚਾਹੀਦੈ?

**ਜੇਠੂ** : ਮੈਨੂੰ ਰੁਜ਼ਗਾਰ ਨਹੀਂ ਚਾਹੀਦਾ, ਮੈਨੂੰ ਚਾਹੀਦੈ ਪਲਾਟ, ਜਿਹਦੇ ਵਿਚ ਬਣੇਗਾ ਫੰਨੇ ਖਾਂ ਕੋਠਾ, ਜੇਠੂ ਦਾ ਕੋਠਾ।

**ਸ਼ਾਮਾਂ** : ਇਹਨਾਂ ਲੀਡਰਾਂ ਕੋਲੋਂ ਨਾ ਮਿਲਿਆ ਪਲਾਟ ਪਲੂਟ, ਤੂੰ ਬੱਸ ਨੱਚੀ ਜਾ। ਕਿਵੇਂ ਨਚਦੇ ਪਏ ਸੀ ਧਰਮਾ, ਕਰਮਾ, ਸ਼ਰਮਾ, ਮਨਾ, ਗਿਆਨਾ, ਤਕਲਾ, ਚਕਲਾ, ਟੁੱਲੂ, ਸਾਰੇ ਈ ਉੱਲੂ। ਪਾਓ ਭੰਗੜੇ, ਪਾਓ ਲੁੱਡੀ, ਇਥੇ ਆ ਰਹੀਆਂ ਨੇ ਵੱਡੀਆਂ ਕੰਪਨੀਆਂ ਤੇ ਵੱਡੀਆਂ ਮੱਛੀਆਂ ਛੋਟੀਆਂ ਮੱਛੀਆਂ ਨੂੰ ਨਿਗਲ ਜਾਣਗੀਆਂ।

**ਜੇਠੂ** : (ਘੋਰ ਨਿਰਾਸ਼ਾ ਵਿਚ) ਤਾਂ ਫਿਰ.....ਇਸ ਧਰਤੀ ਤੇ ਸਾਨੂੰ ਛੋਟਾ ਜਿਹਾ ਟੁੱਕੜਾ ਵੀ ਨਹੀਂ ਦੇਵੇਗੀ ਸਰਕਾਰ?

**ਸ਼ਾਮਾਂ** : ਧਰਤੀ ਤੇ ਤਾਂ ਨਹੀਂ, ਸ਼ੈਦ ਮੰਗਲ ਗ੍ਰਹਿ ਤੇ ਤੈਨੂੰ ਪਹੁੰਚਾ ਦੇਣ, ਮੈਂ ਚਲਦਾਂ ਤੂੰ ਬਾਹਲਾ ਸੋਚੀਂ ਨਾ, ਤੈਨੂੰ ਕੁੱਛ ਹੋ ਗਿਆ ਤਾਂ ਤੇਰੇ ਜੀਆਂ ਦਾ ਕੀ ਬਣੇਗਾ?

(ਸ਼ਾਮਾਂ ਚਲਾ ਜਾਂਦਾ ਹੈ)

**ਜੇਠੂ** : (ਹਾਰੇ ਹੋਏ ਵਿਅਕਤੀ ਵਾਂਗ) ਹੁਣ ਮੈਨੂੰ ਪਤਾ ਲਗੈ ਆਪਣੀ ਔਕਾਤ ਦਾ, ਵਾਹ ਓਏ ਜੇਠੂ! ਤੂੰ ਤਾਂ ਜ਼ਮੀਨ ਤੇ ਵਾਧੂ ਈ ਤੁਰਿਆ ਫਿਰਦੈਂ। ਸ਼ਾਮਾਂ ਠੀਕ ਈ ਕਹਿੰਦਾ ਸੀ - ਸੇਠ ਕੁੜਿੱਕੀ ਸ਼ਾਹ ਵਰਗੇ ਬੰਦਿਆਂ ਦੇ ਹੱਥ ਬੜੇ ਲੰਮੇ ਨੇ। ਇਹ ਹੱਥ..... ਮੇਰੀ ਗਰਦਨ ਵੱਲ ਆ ਰਹੇ ਨੇ (ਚੀਖਦਾ ਹੋਇਆ) ਮੈਂ ਇਹ ਹੱਥ ਕੱਟ ਦਿਆਂਗਾ।

(ਸਿਪਾਹੀ ਆਉਂਦਾ ਹੈ, ਜਿਸ ਨੂੰ ਵੇਖ ਕੇ ਜੇਠੂ ਡਰ ਜਾਂਦਾ ਹੈ)

ਹੈਂ ਇਹ ਸਿਪਾਹੀ? ਇਹ ਤਾਂ ਸਿੱਧਾ ਮੇਰੇ ਵੱਲ ਵਿੰਹਦਾ ਪਿਐ, ਬੜਾ ਭੈੜਾ ਵਿੰਹਦਾ ਪਿਐ ਜਿਵੇਂ ਮੈਨੂੰ ਖਾ ਜਾਣਾ ਹੋਵੇ। ਮੈਂ ਘਰ ਦੇ ਅੰਦਰ ਚਲੇ ਜਾਵਾਂ, ਕਿਤੇ ਹੋਰ ਈ ਨਾ ਰਾਹ ਜਾਂਦਾ ਪੁਆੜਾ ਪੈ ਜਾਏ.....

(ਸਿਪਾਹੀ ਜੇਠੂ ਨੂੰ ਘੇਰ ਲੈਂਦਾ ਹੈ)

**ਸਿਪਾਹੀ** : ਓਏ ਕਿਧਰ ਚੱਲਿਐਂ?

**ਜੇਠੂ** : ਆਪਣੇ ਘਰ ਅੰਦਰ ਜੀ।

**ਸਿਪਾਹੀ** : ਓਏ ਅੰਦਰ ਤੇਰੀ ਬੇਬੇ ਬੈਠੀ ਏ? ਪਰੌਂਠੇ ਪਕਾਂਦੀ ਹੋਣੀ ਏ ਮੇਰੇ ਸੂਰਮੇ ਪੁੱਤਰ ਨੇ ਘਰ ਆਉਣੈਂ ਜੰਗ ਜਿੱਤ ਕੇ।

**ਜੇਠੂ** : ਸਾਡੀ ਕਿਸਮਤ ਵਿਚ ਪਰੌਂਠੇ ਕਿਥੇ? ਰੁੱਖੀ ਸੁੱਖੀ ਰੋਟੀ ਜੁੜਦੀ ਜਾਏ, ਕੁਦਰਤ ਦਾ ਲੱਖ-ਲੱਖ ਸ਼ੁਕਰ ਏ।

**ਸਿਪਾਹੀ** : ਕੁਦਰਤ ਦਿਆ ਕੁੱਛ ਲਗਦਿਆ, ਤੂੰ ਮੇਰੀ ਸਾਰੀ ਦਿਹਾੜੀ ਖਰਾਬ ਕਰ ਦਿੱਤੀ ਏ।

**ਜੇਠੂ** : (ਹੈਰਾਨੀ ਵਿੱਚ) ਮੈਂ?

**ਸਿਪਾਹੀ** : ਤੇਰੇ ਵਰੰਟ ਲਈ ਫਿਰਦਾ।

**ਜੇਠੂ** : (ਘਬਰਾਹਟ ਵਿੱਚ) ਵਰੰਟ?

**ਸਿਪਾਹੀ** : ਹੋਰ ਕੀ, ਪਹਿਲਾਂ ਤੇਰੇ ਘਰ ਅੰਦਰ ਗਿਆ, ਇੱਕ ਜ਼ਨਾਨੀ ਸੀ ਉਥੇ। ਓਏ ਜ਼ਨਾਨੀ ਤੇਰੀ ਏ ਕਿ ਕਿਸੇ ਦੀ ਧੱਕੇ ਨਾਲ ਤਾਂ ਨਹੀਂ ਰੱਖੀ ਫਿਰਦਾ?

**ਜੇਠੂ** : ਜੀ ਮੇਰੀ ਵਹੁਟੀ ਏ, ਕੋਈ ਸ਼ੱਕ ਏ?

ਸਿਪਾਹੀ : ਗੱਲ ਈ ਸ਼ੱਕ ਵਾਲੀ ਏ, ਕਿਥੇ ਉਹ ਦੇਵਲੋਕ ਦੀ ਪਰੀ ਤੇ ਕਿਥੇ ਤੀਂ ਕਲਜੁਗ ਦਾ ਪਤੰਦਰ। (ਮੱਥੇ 'ਤੇ ਹੱਥ ਮਾਰਦਾ ਹੋਇਆ) ਵਾਹ ! ਰੱਬ ਵੀ ਸਾਲਾ ਭੁਲੇਖਾ ਖਾ ਗਿਐ।

ਜੇਠੂ : ਜੀ ਮੇਰੀ ਘਰ ਵਾਲੀ ਬੜੀ ਚੰਗੀ ਏ।

ਸਿਪਾਹੀ : ਤੇ ਤੂੰ ਵੀ ਬੜਾ ਚੰਗਾ ਏਂ। ਸੇਠ ਕੁੜਿੱਕੀ ਸ਼ਾਹ ਨੂੰ ਕਵੰਟਲ ਕਵੰਟਲ ਦੀ ਗਾਹਲ ਕੱਢਦੇ ਤੈਨੂੰ ਸ਼ਰਮ ਨਹੀਂ ਆਉਂਦੀ?

ਜੇਠੂ : ਮੈਂ ਤਾਂ ਸ਼ਾਹ ਜੀ ਨੂੰ ਕਦੇ ਕੁੱਝ ਨਹੀਂ ਕਿਹਾ, ਉਹਨਾਂ ਸਗੋਂ ਮੈਨੂੰ ਉਲਟਾ ਸਿੱਧਾ ਬੋਲਤਾ, ਮੈਂ ਫਿਰ ਵੀ ਪੀ ਗਿਆ।

ਸਿਪਾਹੀ : ਕੀ ਪੀ ਗਿਆ ਓਏ? ਠਾਣੇ ਜਾ ਕੇ ਦੱਸੀਂ। (ਬਾਂਹ ਤੋਂ ਫੜਦਾ ਹੋਇਆ) ਚੱਲ ਤੁਰ ਠਾਣੇ, ਤੇਰਾ ਕਰਦੇ ਆਂ ਉਥੇ ਮੇਕ ਅਪ।

ਜੇਠੂ : ਨਾ ਜੀ ਮੇਰਾ ਦਿਲ ਘੱਟਦਾ ਪਿਐ (ਬਟੂਏ ਵਿੱਚੋਂ ਦੋ ਸੌ ਰੁਪਏ ਕੱਢ ਕੇ ਦਿੰਦਾ ਹੈ) ਜਨਾਬ, ਆਹ ਲਓ।

ਸਿਪਾਹੀ : ਐਨੇ ਨੋਟ ਕਿਥੋਂ ਆਏ ਤੇਰੇ ਕੋਲ? ਦੱਸ ਕਿਹਦੀ ਚੋਰੀ ਕੀਤੀ ਏ?

ਜੇਠੂ : ਇਹ ਤਾਂ ਮੈਂ ਟਰਾਲੀ 'ਚ ਮਿੱਟੀ ਸੁੱਟਣ ਦੇ ਲਏ ਸੀ, ਮੌਕੇ 'ਤੇ ਕੰਮ ਆ ਗਏ।

ਸਿਪਾਹੀ : ਠੀਕ ਏ, ਠੀਕ ਏ, ਤੂੰ ਹੁਣ ਇਕ ਦੋ ਦਿਨ ਆਸੇ-ਪਾਸੇ ਖਿਸਕ ਜਾ। ਮੈਂ ਰਿਪੋਰਟ ਕਰ ਦਿਆਂਗਾ ਜੇਠੂ ਘਰ ਨਹੀਂ ਟਕਰਿਆ। ਕਹਿ ਦੇਵਾਂਗਾ ਪਹਾੜਾਂ ਵਿੱਚ ਦੇਵੀ ਦੇ ਦਰਸ਼ਨਾਂ ਨੂੰ ਗਿਐ।

ਜੇਠੂ : ਦੇਵੂ ਦੇ ਦਰਸ਼ਨ, ਕਿਹੜੀ ਦੇਵੀ ਦੇ?

ਸਿਪਾਹੀ : ਮੈਨੂੰ ਕੀ ਪਤੈ, ਕਿਹੜੀ ਦੇਵੀ ਦੇ ਦਰਸ਼ਨ ਕਰਨ ਜਾਂਦੇ ਨੇ ਲੋਕ। ਸੇਠ ਕੁੜਿੱਕੀ ਸ਼ਾਹ ਦੀ ਤਸੱਲੀ ਮੈਂ ਆਪੇ ਕਰਵਾ ਦਿਆਂਗਾ। ਕਹਿ ਦਿਆਂਗਾ-ਜੇਠੂ ਨੂੰ ਫੜ੍ਹ ਕੇ ਲਿਆਂਦਾ ਸੀ, ਸਾਰੀ ਰਾਤ ਮੱਛਰਾਂ ਵਾਲੇ ਕਮਰੇ 'ਚ ਡੱਕਿਆ ਤੇ ਸਵੇਰੇ ਛਿੱਤਰ ਮਾਰ ਕੇ ਮਾਫ਼ੀ ਮੰਗਵਾਈ ਤੇ ਫਿਰ ਘਰ ਨੂੰ ਤੋਰ ਤਾ। ਠੀਕ ਏ ਨਾ?

ਜੇਠੂ : ਹਾਂ ਜੀ ਠੀਕ ਏ।

ਸਿਪਾਹੀ : ਹੁਣ ਕੋਈ ਸ਼ਰਾਰਤ ਨਾ ਕਰੀਂ ਤੇ ਨਾ ਹੀ ਕੁੜਿੱਕੀ ਸ਼ਾਹ ਨਾਲ ਕੋਈ ਪੰਗਾ ਲਵੀਂ। ਸਮਝਿਆ ਕਿ ਨਹੀਂ?

ਜੇਠੂ : ਹਾਂ ਜੀ ਸਮਝ ਗਿਆ ਜੀ।

ਸਿਪਾਹੀ : ਚੰਗੀ ਗੱਲ ਏ ਜੇ ਸਮਝ ਗਿਐਂ, ਨਹੀਂ ਤਾਂ ਸਾਨੂੰ ਸਮਝਾਉਣਾ ਆਉਂਦੈ।
(ਸਿਪਾਹੀ ਘੂਰਦਾ ਹੋਇਆ ਚਲਾ ਜਾਂਦਾ ਹੈ)

ਜੇਠੂ : (ਆਪਣੇ ਆਪ ਨਾਲ) ਕੁੜਿੱਕੀ ਸ਼ਾਹ ਹੱਥ ਧੋ ਕੇ ਮੇਰੇ ਪਿੱਛੇ ਪੈ ਗਿਐ। ਜਿਹੜਾ ਸਾਲਾ ਆਉਂਦੈ, ਉਹਨੂੰ ਮੇਰੀ ਜ਼ਨਾਨੀ ਨਜ਼ਰ ਆਉਂਦੀ ਏ, ਭਲਾ ਬਾਕੀ ਲੋਕਾਂ ਦੀਆਂ ਜ਼ਨਾਨੀਆਂ ਬਸਰੇ ਚਲੀਆਂ ਗਈਆਂ ਨੇ।
(ਕਿਰਪਾ ਆਉਂਦਾ ਹੈ)
ਆ ਬਈ ਕਿਰਪਾ ਸਿੰਘ, ਚੰਗੇ ਵੇਲੇ ਆ ਗਿਐਂ।

ਕਿਰਪਾ : ਕੀ ਗੱਲ ਤੇਰਾ ਤਾਂ ਰੰਗ ਈ ਉੱਡਿਆ ਪਿਐ?

ਜੇਠੂ : ਕੁੜਿੱਕੀ ਸ਼ਾਹ ਨੇ ਠਾਣੇ ਸ਼ਕੈਤ ਕਰਤੀ ਮੇਰੀ, ਮੈਨੂੰ ਤਾਂ ਅੰਦਰ ਕਰਨ ਲੱਗੀ ਸੀ। ਦੋ ਸੌ ਰੁਪਏ ਦੇ ਕੇ ਜਾਨ ਛੁਡਾਈ ਏ।

ਕਿਰਪਾ : ਕੁੜਿੱਕੀ ਸ਼ਾਹ ਮੈਨੂੰ ਵੀ ਮਿਲਿਆ ਸੀ, ਤੇਰੇ 'ਤੇ ਬੜਾ ਔਖਾ ਸੀ। ਮੈਨੂੰ ਤਾਂ ਐਂ ਜਾਪਦੈ ਤੈਨੂੰ ਟਿਕਾਣਾ ਛੱਡਣਾ ਪਵੇਗਾ, ਹੋਰ ਕਿਧਰੇ ਜੁਗਾੜ ਕਰ ਲੈ।

ਜੇਠੂ : ਮੇਰੇ 'ਤੇ ਇੱਕ ਅਹਿਸਾਨ ਤਾਂ ਕਰ। ਪਿੰਡ ਦੇ ਨਾਲ ਲੱਗਦੀ ਆਪਣੀ ਜ਼ਮੀਨ ਵਿੱਚੋਂ ਮੈਨੂੰ ਚਾਰ ਮਰਲੇ ਮੁੱਲ ਦੇ ਦੇ ਯਾਰ, ਪੈਸੇ ਚੁੱਕ ਚੱਕ ਕੇ ਦੇ ਦਿਆਂਗੇ।

ਕਿਰਪਾ : ਤੂੰ ਐਨੇ ਪੈਸੇ ਕਿੱਥੋਂ ਲਿਆਏਂਗਾ?

ਜੇਠੂ : ਕੀ ਰੇਟ ਏ ਮਰਲੇ ਦਾ?

ਕਿਰਪਾ : ਪੰਜਾਹ ਸੱਠ ਹਜ਼ਾਰ ਤਾਂ ਹੋਏਗਾ ਈ... **(ਚੱਲਦਾ)**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ



# ਕਾਵਿ-ਕਿਆਰੀ



### (ਲਫ਼ਜ਼ਾਂ ਦੀ ਲੋਏ ਲੋਏ)

**ਪ੍ਰਕਾਸ਼/ਹਰਬਖ਼ਸ਼ ਸਿੰਘ ਟਾਹਲੀ**



ਪਹਿਲਾਂ ਸਵਾਲ ਖੜ੍ਹਾ ਹੋਇਆ
ਕਿ ਮੈਂ ਕੌਣ ਹਾਂ?
ਤੇ ਫਿਰ ਆਈ ਉੱਤਰ ਦੀ ਤਾਂਘ
ਸਵਾਲ ਡੂੰਘਾ ਹੁੰਦਾ ਗਿਆ
ਤੇ ਤਾਂਘ ਨੇ ਤੜਫ ਕੇ ਧਾਰ ਲਿਆ
ਵੈਰਾਗ ਦਾ ਰੂਪ
ਵੈਰਾਗ ਉਪਜਿਆ ਤੇ ਪਤਾ ਲੱਗਾ
ਇਹ ਮੇਰੀ ਤਾਂਘ ਦੀ ਬੇਬਸੀ ਸੀ
ਤਾਂਘ ਦੀ ਬੇਬਸੀ ਵਿਚ ਹੀ ਤੇ
ਉਪਜਦਾ ਹੈ ਵੈਰਾਗ
ਵੈਰਾਗ ਨੇ ਤ੍ਰਿਸ਼ਨਾ ਦਾ ਪੱਲੂ ਛੱਡਿਆ
ਤੇ ਤਿਆਗ ਦੇ ਰਾਹ ਪਿਆ
ਤਿਆਗ ਅਤੇ ਵੈਰਾਗ ਦੇ ਸੁਮੇਲ ਵਿਚ
ਉੱਤਰ ਦੇ ਨਕਸ਼ ਉੱਭਰੇ
ਉਨ੍ਹਾਂ ਨਕਸ਼ਾਂ ਨੂੰ ਦੇਖਣ ਲਈ
ਮੰਜ਼ਲ ਵੱਲ ਨੂੰ ਵਾਹੋ ਦਾਰੀ ਦੌੜਿਆ
ਦਿਲ ਵਿਚ ਚਾਅ ਉਪਜਿਆ
ਅਨੁਭਵ ਦਾ ਸੂਰਜ ਚੜ੍ਹਿਆ
ਭੁਲੇਖੇ ਟੁੱਟਦੇ ਪ੍ਰਤੀਤ ਹੋਏ
ਨੇੜੇ ਨੇੜੇ ਕੁਝ ਵਾਪਰਦਾ ਲੱਗਾ
ਮੈਨੂੰ ਮੇਰੇ ਸਵਾਲ ਦੇ ਦਰਸ਼ਨ ਹੋਣ ਲੱਗੇ
ਚੇਤਨਾ ਜਾਗੀ ਤੇ ਉੱਤਰ ਮੇਰੇ ਸਾਹਮਣੇ ਸੀ
ਮੈਨੂੰ ਕੁਝ ਵੀ ਨਾ ਮਿਲਿਆ
ਜਿਵੇਂ ਕੁਝ ਹੈ ਹੀ ਨਹੀਂ ਸੀ
ਮੈਂ ਹੀ ਮੈਂ ਸਾਂ ਚਾਰ ਚੁਫ਼ੇਰੇ
ਜਿਸ ਨੂੰ ਮੈਂ ਢੂੰਡਦਾ ਸਾਂ
ਉਹ ਖੁਦ ਮੈਂ ਹੀ ਤਾਂ ਸੀ
ਮੈਂ ਆਪਣੇ ਹੀ ਅੰਧੇਰੇ ਵਿਚ ਗਵਾਚਦਾ ਹਾਂ
ਅਤੇ ਆਪਣੇ ਹੀ ਪ੍ਰਕਾਸ਼ ਵਿਚ ਚਮਕਣ ਲੱਗਦਾ ਹਾਂ
ਉੱਤਰ ਮੇਰੇ ਸਾਹਮਣੇ ਸੀ।

*****

### ਕਵਿਤਾ/ਚੌਗਿਰਦੇ ਦੀ ਪਰਿਕਰਮਾ

**ਸੁਰਿੰਦਰ ਮਕਸੂਦਪੁਰੀ**



ਸ਼ਹਿਰ ਵਾਲੇ ਘਰ ਦੀ ਛੱਤ 'ਤੇ ਘੁੰਮਦਿਆਂ
ਚੌਗਿਰਦੇ ਦੀ ਪਰਿਕਰਮਾ ਕਰਦਿਆਂ
ਡਰੋਨ ਕੈਮਰੇ ਵਾਂਗ
ਚੌਗਿਰਦਾ ਨਿਹਾਰਦਾ ਹਾਂ

ਚਾਰ-ਚੁਫ਼ੇਰੇ ਉਸਰੇ ਘਰ
ਘਰ ਨਹੀਂ
ਇੱਟਾਂ-ਪੱਥਰਾਂ ਦੇ ਮਕਾਨ ਦਿਖਾਈ ਦੇਂਦੇ ਨੇ
ਰੌਕ ਗਾਰਡਨ ਵਿਚਲੀਆਂ ਬੇਜਾਨ
ਪੱਥਰ-ਮੂਰਤੀਆਂ ਜੇਹੇ
ਬੱਚਿਆਂ ਦੀਆਂ ਮਾਸੂਮ ਕਿਲਕਾਰੀਆਂ
ਗੱਭਰੂਆਂ/ਮੁਟਿਆਰਾਂ ਦੇ ਨਿਰਛਲ-ਨਿਰਵੈਰ
ਹਾਸਿਆਂ-ਠੱਠਿਆਂ ਤੋਂ ਸੱਖਣੇ
ਸਿਆਣਿਆਂ ਬਜ਼ੁਰਗਾਂ ਦੀਆਂ
ਨਸੀਹਤਾਂ ਤੋਂ ਵਾਂਝੇ
ਚਹੁੰ ਪਾਸੀਂ ਪਸਰੀ ਸੁੰਨਸਾਨ
ਬੇਚੈਨ ਮਨ ਨੂੰ ਝੰਜੋੜਦੀ ਹੈ
ਪਦਾਰਥਵਾਦੀ ਰਿਸ਼ਤਿਆਂ ਦੀ ਬੇਰੁਖੀ
ਅਪਣੱਤ ਦੀ ਤੰਦ ਨੂੰ ਤੋੜਦੀ ਹੈ।

ਸ਼ਾਂਤ ਹਵਾ ਦੇ ਬੁੱਲਿਆ ਵਾਂਗ
ਗੁਜ਼ਰ ਜਾਂਦੇ ਨੇ ਹਮਰਾਹੀ ਚੁਪਕੇ-ਚੁਪਕੇ
ਗੁੰਮ-ਸੁੰਮ ਤੇ ਉਦਾਸ ਚਿਹਰੇ
ਬਨਾਉਟੀ ਮੁਸਕਰਾਹਟ ਦੇ ਮੁਖੌਟੇ 'ਚ
ਹਉਮੈ-ਹੰਕਾਰ ਨੂੰ ਲੁਕੋਈ
ਜਾਂ ਕਾਲੇ ਸ਼ੀਸ਼ੇ ਵਾਲੀਆਂ
ਮੋਟਰ ਗੱਡੀਆਂ 'ਚ ਬੈਠ
ਕੰਨ ਪਾੜਵੇਂ ਪ੍ਰਦੂਸ਼ਣ 'ਚ ਵਾਧਾ ਕਰਦੇ
ਹੋ ਜਾਂਦੇ ਨੇ ਹਵਾ ਤੋਂ ਹਨ੍ਹੇਰੀ
ਚੌਗਿਰਦੇ ਤੋਂ ਅੱਖਾਂ ਚੁਰਾਉਂਦੇ
ਜਾਂ ਦੋਸ਼ੀ ਚੁੱਪ ਨੂੰ ਜੱਗ ਤੋਂ ਛੁਪਾਉਂਦੇ

ਮਾਨਸਿਕ ਸਕੂਨ
ਸੁੱਖ-ਸ਼ਾਂਤੀ ਦਾ ਭਾਲ ਵਿਚ
ਗੁਰੂ ਘਰਾਂ ਨੂੰ ਜਾਂਦੇ ਹਨ ਸ਼ਰਧਾਲੂ
ਦੋ ਰੁਪਏ ਦਾ ਸਿੱਕਾ ਭੇਟ ਕਰ
ਲੱਖਾਂ ਦੀਆਂ ਮਨੋਕਾਮਨਾਵਾਂ ਦੀ ਪੂਰਤੀ ਲਈ
ਅਰਦਾਸਾਂ/ਅਰਜ਼ੋਈਆਂ ਕਰਦੇ
ਰੱਬ ਦੇ ਘਰ 'ਤੇ ਹੱਕ ਜਤਾਉਂਦੇ
ਗੁਰੂ ਨਾਨਕ ਸਾਹਿਬ ਦੇ ਪਵਿੱਤਰ ਫੁਰਮਾਨ-
"ਗਲੀਂ ਅਸੀਂ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥"
ਦੇ ਅਧਿਆਤਮਿਕ ਸੱਚ ਤੋਂ ਬੇਖ਼ਬਰ
ਜਾ ਸਿਮਟਦੇ ਨੇ
ਮੁੜ ਆਪਣੇ ਘਰ ਪਰਿਵਾਰ ਵਿਚ
ਆਪਣੇ ਸਿਰਜੇ ਸੀਮਤ ਸੰਸਾਰ ਵਿਚ

ਇਹਨਾਂ ਅਖੌਤੀ
ਘਰਾਂ/ਮਕਾਨਾਂ/ਕੋਠੀਆਂ ਦੇ
ਬੰਦ ਬੂਹੇ/ਦਰਵਾਜ਼ਿਆਂ 'ਤੇ
ਮਹਿਮਾਨ ਨਿਵਾਜ਼ੀ ਹਿਤ ਉੱਕਰੇ
ਸਤਿਕਾਰਤ ਸ਼ਬਦ-
'ਜੀ ਆਇਆਂ ਨੂੰ-ਹਾਰਦਿਕ ਅਭਿਨੰਦਨ
ਖੁਸ਼ਆਮਦੀਦ-ਸ਼ੁੱਭ ਆਗਮਨ'
ਵਿਰੋਧੀ ਸੁਰ ਅਲਾਪਦੇ
ਅਰਥ ਵਿਹੂਣੇ ਜਾਪਦੇ
ਅਲਵਿਦਾ-ਅਲਵਿਦਾ ਕਹਿੰਦੇ
ਪ੍ਰਤੀਤ ਹੁੰਦੇ ਹਨ
ਸਮਾਜਿਕ ਸਰੋਕਾਰ ਜਿਵੇਂ
ਬੀਤੇ ਦੀ ਰੀਤ ਹੁੰਦੇ ਹਨ

ਹੁਣ ਚੌਗਿਰਦੇ ਦੇ ਚਿੰਤਨ-ਮੰਥਨ ਤੋਂ
ਚਿੰਤਾਮੁਕਤ ਹੁੰਦੀ
ਸਮੁੱਚ ਤੋਂ ਨਿੱਜ ਵੱਲ ਮੁੜਦੀ
ਮੇਰੀ ਸੰਵੇਦਨਸ਼ੀਲ ਸੋਚ
ਸਵੈ-ਸੰਵਾਦ ਰਚਾਉਂਦੀ ਹੈ
ਆਪਣਾ ਆਪਾ ਪ੍ਰਗਟਾਉਂਦੀ ਹੈ...

ਜਿੰਦੇ ਨੀ ਇਸ ਬਸਤੀ ਵਿਚ
ਨਾ ਕੋਈ ਤੇਰਾ-ਨਾ ਕੋਈ ਮੇਰਾ
ਹਮਸਫ਼ਰ-ਹਮਜਾਨ
ਤੜਪ-ਤੜਪ ਕੇ ਮਰ ਨਾ ਜਾਵਣ
ਦਿਲ ਅੰਦਰ ਅਰਮਾਨ
'ਮਕਸੂਦਪੁਰੀ' ਚੱਲ ਆਪਾਂ ਹੀ ਦੋਵੇਂ
ਬਣ ਜਾਈਏ ਮੇਜ਼ਬਾਨ, ਮਹਿਮਾਨ !

-234, **ਸੁਦਰਸ਼ਨ ਪਾਰਕ**,
**ਮਕਸੂਦਾਂ, ਜਲੰਧਰ**-144021
**ਮੋ.** 99887-10234

*****

## (1) ਗੁਆਂਢੀ ਦਾ ਘਰ

**(ਭਾਗ-1)**



ਜਦੋਂ ਮੇਰੇ ਘਰ 'ਚ
ਤੂੰ ਸੱਥਰ ਵਿਛਾ ਕੇ ਹੀ
ਸਾਹ ਲੈਂਦਾ ਸੀ
ਤਾਂ
ਤੇਰੇ ਘਰ ਹਾਸਿਆਂ ਦੀ ਬੁਛਾੜ
ਤੇਰੇ ਪਰਿਵਾਰ ਨੂੰ ਠੰਡਕ ਦਿੰਦੀ ਸੀ।
ਪਰ
ਇਹ ਬੁਛਾੜ ਕੀ ਸੀ?
ਨਿਰੀ ਪੁਰੇ ਦੀ ਹਵਾ ਵਰਗੀ।
ਪਰ ਐ ਜ਼ਾਲਮ !
ਇਹ ਪੁਰੇ ਦੀ ਹਵਾ
ਸੀਨੇ ਠੰਡ ਤਾਂ ਪਾਉਂਦੀ ਹੈ
ਪਰ ਸੁਕਾਂਦੀ ਨਹੀਂ ਪਸੀਨਾ।

ਅੱਜ
ਤੇਰੇ ਘਰ 'ਚ ਵਗਦੀ, ਪੁਰਵਾਈ 'ਚੋਂ ਨਿਕਲਿਆ
ਬਾਰੂਦੀ ਪਾਸੀਨਾ
ਤੈਨੂੰ ਪਰੇਸ਼ਾਨ ਜਦ ਕਰਦਾ ਹੈ
ਤਾਂ ਮੇਰਾ ਮਨ ਮਰਦਾ ਹੈ।
ਮਤ ਸਮਝ।
ਕਿ ਮੈਨੂੰ ਤੇਰੇ ਛੁਟਦੇ ਪਸੀਨੇ ਕਰਕੇ
ਖੁਸ਼ੀਆਂ ਤਰੰਗਤ ਕਰਦੀਆਂ ਹੋਣ।

ਇਹ ਬਾਰੂਦੀ ਹਵਾਵਾਂ
ਕਿਸੇ ਵੀ ਘਰ ਸਕਦੀਆਂ ਨੇ ਜਾਹ।
ਕਿਸੇ ਵੀ ਘਰ ਨੂੰ ਕਰ ਸਕਦੀਆਂ ਨੇ ਸਵਾਹ।
ਮਿੱਤਰਾ ! ਆਉ !
ਇਕੱਠੇ ਰਹੀਏ
ਹੁਣ ਨਾ ਸੜੀਏ।

## (2) ਦੁਆ, ਫ਼ਰਿਆਦ ਬਨਾਮ ਖ਼ੁਦਾ

(ਭਾਗ-2)

ਚਲੋ ਅੱਲ੍ਹਾ ਅੱਗੇ
ਦੁਆ ਦੀ ਥਾਂ
ਫ਼ਰਿਆਦ ਵੀ ਕਰਨੀ ਪੈ ਜਾਏ ਤਾਂ ਕਰ ਆਈਏ
ਜੇ ਅੱਲ੍ਹਾ ਖ਼ੁਦਾਵੰਦ ਨੂੰ
ਮੰਗਣ ਦੀ ਨੌਬਤ ਵੀ ਆ ਜਾਵੇ
ਤਾਂ ਉਸ ਨੂੰ ਵੀ ਮੰਗ ਲਈਏ।

ਚਲੋ ਜੇ ਅੱਲ੍ਹਾ ਘਰ ਆ ਹੀ ਜਾਵੇ
ਭਾਵੇਂ ਫ਼ਰਿਆਦ 'ਤੇ ਤੇ ਜਾਂ ਦੁਆ ਕਰਕੇ
ਜਾਂ ਮੰਗ ਕਰਕੇ।
ਉਹਦੇ ਅੱਗੇ ਇਕੋ ਹੀ ਮੰਗ-ਪੱਤਰ
ਰਹੇਗਾ ਸਾਡਾ
ਕਿ
ਹੇ ਖ਼ੁਦਾਵੰਦ ਤਾਲਾ!
ਨਦੀਆਂ ਪਾਣੀਆਂ ਦੀਆਂ, ਵਗਦੀਆਂ ਰਹਿਣ ਦੇਵੋ ਤਾਂ ਚੰਗਾ ਹੈ
ਸਾਨੂੰ ਕਿਸੇ ਰੰਗਦਾਰ ਨਦੀ ਦੀ ਲੋੜ ਨਹੀਂ
ਪਰ ਜੇ ਅੱਲ੍ਹਾ ਸਾਡੀਆਂ ਉਪਰੋਕਤ ਗੱਲਾਂ 'ਚੋਂ
ਕੋਈ ਮੰਨੇ ਤਾਂ ਸਹੀ।

**ਰਤਨ ਟਾਹਲਵੀ**

*****

## ਸ਼ਬਦਾਂ ਦੇ ਸੰਜੋਗ

* ਲੋਕਾਂ ਦੇ ਸਾਹਮਣੇ ਹੋਈ ਬੇਇੱਜ਼ਤੀ ਨੂੰ ਬੰਦਾ ਕਦੇ ਭੁੱਲਦਾ ਨਹੀਂ, ਇਸੇ ਲਈ ਬੰਦ ਕਮਰੇ ਵਿਚ ਹੋਈ ਬੇਇੱਜ਼ਤੀ ਨੂੰ ਤਕਰਾਰ ਅਤੇ ਲੋਕਾਂ ਵਿਚ ਹੋਈ ਬੇਇੱਜ਼ਤੀ ਨੂੰ ਅਪਮਾਨ ਕਿਹਾ ਜਾਂਦਾ ਹੈ।
* ਮਸ਼ੂਕ ਦੇ ਪਿੰਡ ਨੂੰ ਜਾਂਦਾ ਰਸਤਾ ਜਲਦੀ ਤੈਅ ਹੋ ਜਾਂਦਾ ਹੈ ਪਰ ਉਸ ਦੀ ਗਲੀ ਵਿਚੋਂ ਲੰਘਣ ਲਈ ਵਧੇਰੇ ਸਮਾਂ ਲੱਗਦਾ ਹੈ।
* ਜੇ ਪਿਆਰ ਵਿਚ ਵਿਛੋੜਾ ਨਾ ਹੁੰਦਾ ਤਾਂ ਇਸ ਦੁਨੀਆਂ 'ਤੇ ਕਵੀ ਪੈਦਾ ਨਾ ਹੁੰਦਾ।
* ਮਹਾਂਪੁਰਸ਼ ਉਹ ਹੁੰਦਾ ਹੈ ਜੋ ਲੋਕਾਂ ਦੇ ਦਿਲਾਂ 'ਤੇ ਕਬਜ਼ਾ ਕਰਦਾ ਹੈ, ਜ਼ਮੀਨਾਂ 'ਤੇ ਨਹੀਂ।
* ਦੁਨੀਆਂ ਦੇ ਕਈ ਅਜੂਬਿਆਂ ਨੂੰ ਦੇਖਣ ਤੋਂ ਬਾਅਦ ਮਨੁੱਖ ਆਪਣੇ ਘਰ ਪਰਤਣ ਲਈ ਕਾਹਲਾ ਹੋ ਜਾਂਦਾ ਹੈ।
* ਮਹਿਫ਼ਲ ਵਿਚ ਕਈ ਲੋਕ ਐਸੇ ਵੀ ਬੈਠੇ ਹੁੰਦੇ ਹਨ, ਜਿਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਮਹਿਫ਼ਲ ਦੀ ਰੌਣਕ ਵਧੇਰੇ ਹੋ ਜਾਂਦੀ ਹੈ।
* ਚੋਣਾਂ ਵਿਚ ਹਾਰੇ ਲੋਕਾਂ ਦੀ ਸਫ਼ਾਈ ਵਿਚ ਕਹਿਣ ਵਾਲੀ ਗੱਲ 'ਤੇ ਲੋਕ ਇਤਬਾਰ ਨਹੀਂ ਕਰਦੇ।
* ਆਪਣੀਆਂ ਪ੍ਰਾਪਤੀਆਂ ਦੀਆਂ ਡੀਂਗਾਂ ਮਾਰਨ ਵਾਲੇ ਲੋਕਾਂ ਨੂੰ ਲੋਕ ਚੰਗਾ ਨਹੀਂ ਸਮਝਦੇ।
* ਨੇਤਾ ਲੋਕ ਚੋਣਾਂ ਵੇਲੇ ਤੁਹਾਡੇ ਸੇਵਕ ਅਤੇ ਬਾਅਦ ਵਿਚ ਹਾਕਮ ਬਣ ਜਾਂਦੇ ਹਨ।
* ਧਰਮ ਪਿਆਰ ਕਰਨ ਵਾਲੇ ਲੋਕ ਬਣਾਉਂਦੇ ਹਨ, ਗਿਆਨਵਾਨ ਲੋਕ ਇਸ ਦਾ ਵਿਸਥਾਰ ਕਰਦੇ ਹਨ ਤੇ ਕੱਟੜ ਲੋਕ ਇਸ ਨੂੰ ਖਤਮ ਕਰਦੇ ਹਨ।

(ਸਫ਼ਾ 20 ਦੀ ਬਾਕੀ)

**ਉੱਤਰ** - (1) ੲ (2) ੲ (3) ੲ (4) ਸ (5) ੲ (6) ਸ (7) ਅ (8) ੳ (9) ਅ (10) ੳ

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# स्वास्थ्य के लिए हानिकारक कोल्ड डिंक्स

गर्मी का मौसम हो और शरीर को तरोताजा करने के लिए ठंडे पेयों की ज़रूरत महसूस ना हो, ऐसा भला कैसे हो सकता है, लेकिन ठंडे के नाम पर आजकल जो कुछ हम पी रहे हैं, वह हमारे स्वास्थ्य के लिए किस हद तक फायदेमंद है और कितना नुक्सानदायक, इस ओर ध्यान देने की भला फुर्सत ही किसे है? तभी तो गर्मी हो या सर्दी या बरसात, ठंडे के नाम पर ''ज़हर'' को गटागट गले से नीचे उतारे जा रहे हैं हम।

**लोगों की सेहत से खिलवाड़** – करीब तीन साल पहले कुछ एक कंपनियों के शीतल पेयों में भारी मात्रा में कीटनाशी मौजूद होने संबंधी एक गैर–सरकारी संगठन 'सैंटर फॉर साईंस एंड एनवायरमैंट' (सी.एस.ई.) की रिपोर्ट के बाद इसकी जांच के लिए शरद पवार की अध्यक्षता में गठित संयुक्त संसदीय समिति की रिपोर्ट में भी सी.एस.ई. की रिपोर्ट पर मोहर लगाने और सरकार के बोतल–बंद शीतल पेय के मामले में कड़े मानक बना कर नियमों के उल्लंघन पर कठोर दंड की सिफारिश किये जाने से यह साबित हो गया था कि बहुराष्टीय शीतल पेय कंपनियां जनता की सेहत से खिलवाड़ करती रही है।

सी.एस.ई. की रिपोर्ट में इन शीतल पेयों में कीटनाशकों की मात्रा अंतर्राष्टीय और यूरोपियन स्टैंडर्ड से क्रमश: 30 से 36 गुण ज्यादा बताते हुए कहा गया था कि इन कीटनाशकों में डी.डी.टी., मेटाबोलाइट्स, लिंडेन, क्लोरोफ्रिफोस तथा मेलाथियान जैसे हानिकारक कीटनाशक भी शामिल हैं जो तंत्रिका तंत्र व प्रजनन क्षमता पर प्रतिकूल प्रभाव डालने, पक्षाघात, हृदय रोग और कैंसर तक के लिए जिम्मेदार होते हैं, किंतु सी.एस.ई. की रिपोर्ट उजागर होते ही केंद्रीय स्वास्थ्य मंत्रालय ने सी.एफ.टी.आर. की दो प्रयोगशालाओं में शीतल पेयों के 12 नमूनों की जांच कराते हुए आनन–फानन में जिस तरह इन कंपनियों को क्लीन–चिट देने की जल्दबाजी दिखाई थी, उससे यह साबित हो गया था कि इन बहुराष्टीय कंपनियों के साथ सरकार में बैठे लोगों के तार बहुत गहरे तक जुड़े है और संभवत: इन कंपनियों से भारी–भरकम चुनावी चंदा मिलने की वजह से भी शीतल पेयों की इन खामियों को नज़रंदाज किया जाता रहा है।

**मुनाफे का उद्योग** – भारत में विभिन्न ब्रांड के शीतल पेयों की प्रति वर्ष करीब 650 करोड़ बोतलों की खपत है और शीतल पेय कंपनियों का भारत में करीब 4 हज़ार करोड़ रुपये का कारोबार है, जिससे दो प्रमुख बहुराष्टीय कंपनियों का ही 80फीसदी हिस्सा है और इनसे सरकार को प्रति वर्ष अरबों रुपये के राजस्व की प्राप्ति होती है। सबसे बड़ा सच यह है कि शीतल पेय कंपनियों के लिए यह सबसे बड़े मुनाफ़े का उद्योग साबित हो रहा है और इस मुनाफाखोरी पर लगाम कसने की सरकरा को कभी मंशा नज़र ही नहीं आई। शायद यही वजह रही कि स्वास्थ्य मंत्रालय द्वारा क्लीन–चिट मिलते ही शीतल पेय कंपनियां मंत्रालय के तर्को को भुनाते हुए अपने बड़े–बड़े विज्ञापनों की बौछार करते हुए पुन: उपभोक्ताओं के बीच अपनी पैठ बनाने में जी–जान से जुट गई थी।

**हानिकारक कैमिकल्स का प्रयोग** – हालांकि इस के कुछ ही माह बाद संयुक्त संसदीय समिति (जे.पी.सी.) ने सी.एस.ई. के दावे को सही ठहराते हुए कहा था कि सी.एस.ई. ने 12 ब्रांड के कुल 36 नमूनों की जांच के बाद उनमें कीटनाशकों की उपस्थिति के संबंध में जो निष्कर्ष निकाले थे, वे सही हैं। साथ ही जे.पी.सी. ने देश में बोतल–बंद पेयों के ज्यादा कड़े मानकों के लिए भी सिफारिश की थी, लेकिन आज भी लोगों को इन शीतल पेयों का दीवाना रखने के लिए शीतल पेय कंपनियों द्वारा किस प्रकार अपने प्रचार तंत्र का इस्तेमाल किया जा रहा है और किस तरह सरकारी तंत्र पूरी तरह से खामोशी ओढ़े है, जगजाहिर है। अहमदाबाद के कन्ज्यूमर एजुकेशन एंड रिसर्च सैंटर द्वारा कोल्ड डिंक्स की जांच में पाया गया था कि इनमें कार्बोलिक एसिड, एरिथॉरबिक एसिड, बेंजोइक एसिड इत्यादि ऐसे एसिड्स मौजूद है, जिनसे कब्ज के इलावा कई अन्य गंभीर रोग भी हो सकते है।


डायटिशियन समीरा मल्होत्रा कहती हैं कि कोल्ड डिंक्स में विभिन्न प्रकार के कैमिकल्स, फास्फोरिक एसिड, फार्मिक एसिड, सल्फर डाइ ऑक्साइड इत्यादि की मौजूदगी तथा प्रिजरवेटिव्स व कलर्स इस्तेमाल किये जाने से भी इनकी न्यूटीशियस वैल्यू तो घटती ही है, यो स्वास्थ्य के लिए हानिकारक भी साबित होते है, जबकि नींबू, संतरा, मौसमी जैसे फलों के जूस के सेवन से शरीर को ऊर्जा मिलती है, साथ ही एसिडिटी, मोटापा, सोर थ्रोट, लीवर की बीमारी जैसी परेशानियों से निजात भी मिलती है। ये चीजें स्वाद वाली तो होती ही हैं, इनमें 'मेडिशनल क्वालिटीज' भी होती हैं। जैसे आम का पन्ना पीने से लू नहीं लगती, जबकि कोई भी ऐसी कोल्ड डिंक्स नहीं है, जो ऐसा दावा कर सके। फलों के रस से मिलने वाली एनर्जी तो स्थायी होती है तथा शरीर को पुष्ट करती है। फलों में ग्लूकोज़ पाया जाता है और यहीं कारण है कि फलों के रस द्वारा प्राकृतिक ग्लूकोज़ मिलती है और पीने वाले को लाभ मिलता है।

बहरहाल, अगर आप अपने स्वास्थ्य के प्रति वाकई सचेत हैं और गर्मी के मौसम में अपने को तरोताज़ा बनाने के लिए 'ठंडे' की ज़रूरत महसूस करते हैं तो बेहतर यही है कि बाज़ारू कोल्ड डिंक्स की बजाय शरीर को तरावट, स्निग्धता व शीतलता देने वाले पदार्थों जैसे नारियल पानी, गन्ने का रस, घरेलू शरबत, बादाम की ठंडाई, नींबू की शिकंजी, जलज़ीरा, दही की लस्सी, फलों का रस, कच्चे आम का पन्ना, बेल का शरबत, इत्यादि का आनंद लें। ये पदार्थ आपके शरीर को शीतलता एवं तरावट प्रदान करने के साथ–साथ पौष्टिकता तथा ऊर्जा भी प्रदान करेंगे।

# DISCOVERING THE NINTH NANAK



Great men make history, Remembering them gives cause to their descendants to be proud and instils in them high aspirations. Good done by their forefathers acts as light house to guide cultural, social, philosophy and educational environment and progress of the society. People who remember their great contribution and follow their footprints develop into respectable cohesive social groups which finally emerge as community centres for cultural & social developments. Remembering the great is greatness and still greater is imbibing and following their virtuesLobana Community has produced many a great men who find prominent place in the Sikh history. Lobanas were attracted by the high ideals of Sikh Gurus and were drawn to centre stage in the service of the Gurus, right from the beginning. Our forefather have served with devotion to the evolution and sentence of the Khalsa in a big way during the time of the Ninth and Tenth Guru, Baba Banda Singh Bahadur and thereafter. We are proud of our inheritance. Lobana Community has the distinction of the producing great men of stature like, Baba Makhan



Shah Lobana.

## BABA MAKHAN SHAH LOBANA

Baba Makhan Shah Lobana stands out as prominent, tall, aristocrat but humble and devoted sevadar to the Nanak Darbar. Baba Makhan Shah was born on 07th of July 1619 A.D. (23 Ashad 1676 Bikrami) at Village Tanda in Jhelum district of West Punjab (Pakistan). He was educated and brought up in luxury with faith in One God and Guru Nanak as the Supreme Teacher. He rose to be a big businessman and devoted Sevadar of Guru Ghar having full faith in the Nanaks. He was broad shouldered, brave and had the looks and an aristocrat stalwart. He looked to bea tribal chief from appearance as he wore princely robes and dresses.

He had his trade through land and sea coast but moved mainly through river routes. One day it so happened that one of his ships carrying his goods was caught up in a storm and struck over under water rocks. His life, safety of the crew and merchandise, were in great danger. He knelt down and prayed to Guru to help him, his crew and consignment to safety and he would offer 500 Mohars (Gold Coins) to the Guru's inventory for charitable purposes. It is so mentioned in the Panth Parkash.

With the grace of the Guru, the ship stored safety out of the storm. Makhan Shah immediately left for Delhi to fulfil his vow. On arrival at Delhi, he found that Guru Harkrishan Ji had passed away. While breathing his last he had uttered the word Baba Bakale. The Ninth Master was thus to reveal him at Bakala. He immediately moved his carvan to Bakala, near Amritsar he reached there in the first week of the October, 1664 A.D. On arrival he found 22 personswere imposing as the Ninth Guru. He saw that it was difficult to identify the real Guru whom he should offer500 Mohars. He thought of a plan to offer only Five Mohars to each and feel their reaction. The true Guru will be the one who shall know his secret wish.

So one by one he visited all of them and offered Five Mohars each. None reacted as he wished. He was perplexed and asked, if there was any other Sodhi Baba around. Then and there on October 7, 1664 he was guided by a local boy to Guru Teg Bahadur, popularly called Baba Tegha, where he was meditating. Holy mother Nanki received him and advised him to meet the Baba alone. Makhan Shah bowed to her and was guided to underground cell where Baba Tegha was meditating.On entering the cell he felt the impact of spiritual presence. He bowed before him in humble reverence and as planned offered Five Mohars. Baba then opened his eyes and said " God bless you my man, but why only Five Mohars after having pledged 500".


Makhan Shah was overwhelmed by this discovery of the Guru and for quite sometime he could hardly speak. He placed his head on the feet of the Guru, and wept like a child. The love and light of the Guru swept through his mind, body and soul. Makhan Shah came out of Guru ji's cell and climbed on the roof. He waived his scarf over his head and started saying, "Guru Ladho Re ! Guru LadhoRe ! I have found the Guru !, I have found the Guru! Come one come all the true Guru is here." Thousands of people were awaiting to announce by the beat of the drum that the Guru Tegh Bahadur and none else, none else. He asked his attendant to bring all the gifts respectfully to the Guru's house, while he himself carried a robe of honour, specially prepared for the Guru. Makhan Shah appealed to Guru Ji to give audience to the people waiting outside and left the people see the true Guru. "I am the servant of the Sangat, I will come out and greet the Sangat" said Guru Teg Bahadur in utter humility.

(To remember and pay respect to our esteemed member Late. S. Gurcharan Singh Palia, Ex. General Secretary, who was devoted to the cause of Lobana Foundation).

**General Secretary**



# MATRIMONIAL



GAURAV PAL SINGH D.O.B- 26 NOVEMBER 1993, AGE- 28 YEARS, HEIGHT- 6FT, COMPLEXTION- FAIR STATUS- PERMANENT RESIDENT OF CANADA EDUCATION- M-TECH IN CIVIL ENGEERING FROM PTU HOMETOWN- MOHALI, PUNJAB CONTACT NO - 7889282296.

* * * * *

MATCH FOR LUBANA SIKH GIRL AGE-25 YEARS, HEIGHT 5'6", M.A. (ENGLISH), ETT. PUNJAB GOVT. TEACHER, BELONGS TO MOHALI DISTRICT CONTACT- 88729-66066.

* * * * *

LOBANA SIKH CLEAN SHAVEN WHITISH BLUE EYES 50 YEARS HEIGHT 5'7" WEIGHT 70KGS ETHELETIC OWN PETROL PUMP IN SHICAGO. AGRICULTURAL LAND IN PANJAB AND HARYANA. KOTHI IN MOHALI. SEEKS LIFE PARTNER IN USA NO BARS BIKRAM SINGH. CONTACT- 0012194555157.

* * * * *

WANTED BEAUTIFUL SLIM SOBER BRIDE FOR LOBANA BOY CITIZEN DATE OF BIRTH- 3-12-1990 HEIGHT 5'11" ATHELETIC DIPLOMA IN SOFTWARE DIPLOMA IN HARDWARE ELECTRONIC. OWN BUNGLOW RECENTLY PURCHASED IN OWN BUSINESS IN USA. MOTHER IS EX GOVERNMENT TEACHER OF PANJAB. ALSO OWN FLAT IN CHANDIGARH. CONTACT- BALJIT KAUR (MOTHER) 0012192760819 JASJIT SINGH GROOM. CONTACT- 0013172025546.

* * * * *

WE ARE LOOKING FOR SUITABLE BRIDE FOR OUR SON ATAMVIR SINGH MULTANI, DOB- 27-12-1993, HEIGHT 6'3" GRADUATION- B-TECH MECHANICAL ENGINEERING FROM CGC LANDRAN CHANDIGARH PROFESSIONAL QUALIFIED COMMERCIAL PILOT AND WORKS AS A CAPTAIN WITH KEEWATIN AIR IN CANADA. HE HOLDS PERMANENT RESIDENCY WITH BRITISH AIRWAYS. FATHER RETIRED LT COL. WORKING IN GURGAON. MOTHER IS A PHD AND WAS WORKING AS DEAN HR AND CDC IN A MANAGEMENT. CONTACT- 9650230043.

* * * * *

SUITABLE MATCH FOR LOBANA SIKH BEAUTIFUL SENIOR LECTURER DENTAL COLLEGE MDS ORAL & MAXILLOFACIAL SURGEON SPECIALIST IN TRAUMA & DENTAL IMPLANTS AGE 31 YEARS LOOKS MUCH YOUNGER HEIGHT 5"5' MOHALI BASED MIDDLE CALSS DOWN TO EARTH VEGETARIAN FAMILY. DOCTOR/ CIVIL SERVICES /GAZETTED OFFICER RANK MOHALI/ NEARBY PREFFERED. CONTACT- 8837632383 E-MAIL- pelia3352@gmail.com

* * * * *

LUBANA SIKH BOY DEC '92, 5.11", BE MBA MNC ASSTT MANAGER GURGAON REQUIRED B-TECH, M-TECH, MBA, MCA QUALIFIED GIRL. CONTACT : 09417145424, 08360907886.

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਅੱਸੂ ਮਹੀਨੇ ਦੀ ਸੰਗਰਾਂਦ ਅਤੇ ਹੋਰ ਕਾਰਜਾਂ ਲਈ ਦਾਨੀ ਸੱਜਨਾਂ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਵਾਇਸ ਪ੍ਰਧਾਨ ਅਤੇ ਜਨਰਲ ਸਕੱਤਰ<br>ਬੀ.ਐਮ.ਐਸ.ਐਲ. ਭਵਨ, ਚੰਡੀਗੜ੍ਹ। | 500 | ਐਨ- 212 | 17.09.2022 |
| 2. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਵਿੱਤ ਸਕੱਤਰ, ਸੈਕਟਰ-40-ਡੀ, ਚੰਡੀਗੜ੍ਹ। | 200 | ਐਨ-213 | 17.09.2022 |
| 3. | ਪੰਡਿਤ ਰਾਮ ਕੁਮਾਰ<br>ਬੀ.ਐਮ.ਐਸ.ਐਲ. ਭਵਨ, ਚੰਡੀਗੜ੍ਹ। | 500 | ਐਨ-214 | 17.09.2022 |
| 4. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਏ.ਕੇ.ਐਸ. ਕਲੋਨੀ, ਜ਼ੀਰਕਪੁਰ, ਮੋਹਾਲੀ | 200 | ਐਨ-215 | 17.09.2022 |
| 5. | ਸਰਦਾਰ ਐਨ.ਪੀ. ਸਿੰਘ<br>ਬੀ.ਐਮ.ਐਸ.ਐਲ. ਭਵਨ, ਸੈਕਟਰ-30-ਏ. ਚੰਡੀਗੜ੍ਹ | 200 | ਐਨ-216 | 17.09.2022 |
| 6. | ਸਰਦਾਰ ਮਨਜੀਤ ਸਿੰਘ ਲੁਬਾਣਾ<br>ਗੁਰੂ ਘਰ ਇੰਚਾਰਜ, ਮੋਹਾਲੀ। | 500 | ਐਨ-217 | 17.09.2022 |
| 7. | ਇੰਜ: ਹਰਭਜਨ ਸਿੰਘ, ਪ੍ਰਧਾਨ<br>576, ਮੋਤਾ ਸਿੰਘ ਨਗਰ, ਜਲੰਧਰ। | 1100 | ਐਨ-218 | 17.09.2022 |
| 8. | ਸਰਦਾਰ ਗੁਰਚਰਨ ਸਿੰਘ<br>ਸੀਨੀਅਰ ਵਾਇਸ ਪ੍ਰਧਾਨ (ਹੈਡਕੁਆਟਰ),<br>117, ਸੈਕਟਰ-35-ਏ. ਚੰਡੀਗੜ੍ਹ। | 500 | ਐਨ-219 | 17.09.2022 |
| 9. | ਸਰਦਾਰ ਹਰਦਿਆਲ ਸਿੰਘ ਘੋਤਰਾ<br>ਚੰਡੀਗੜ੍ਹ | 200 | ਐਨ-220 | 17.09.2022 |
| 10. | ਸਰਦਾਰ ਰਜਿੰਦਰਪਾਲ ਸਿੰਘ<br>ਬੀ.ਐਮ.ਐਸ.ਐਲ. ਚੰਡੀਗੜ੍ਹ। | 200 | ਐਨ-221 | 17.09.2022 |
| 11. | ਸਰਦਾਰ ਅਮਰਜੀਤ ਸਿੰਘ ਮੁਲਤਾਨੀ<br>42, ਸੈਕਟਰ-16-ਏ, ਚੰਡੀਗੜ੍ਹ। | 500 | ਐਨ-222 | 17.09.2022 |
| 12. | ਸਰਦਾਰ ਗਿਆਨ ਸਿੰਘ ਮੁਲਤਾਨੀ<br>42, ਸੈਕਟਰ-16-ਏ. ਚੰਡੀਗੜ੍ਹ। | 500 | ਐਨ-223 | 17.09.2022 |
| 13. | ਸਰਦਾਰ ਸੁਰਿੰਦਰ ਸਿੰਘ<br>527, ਫੇਜ-10, ਮੋਹਾਲੀ। | 500 | ਐਨ-224 | 17.09.2022 |
| 14. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ, (ਸਕੱਤਰ)<br>ਬੀ.ਐਮ.ਐਸ.ਐਲ. ਭਵਨ ਚੰਡੀਗੜ੍ਹ। | 1100 | ਐਨ-225 | 17.09.2022 |
| 15. | ਸਰਦਾਰ ਬਲਵਿੰਦਰ ਸਿੰਘ ਮੁਲਤਾਨੀ<br>541, ਫੇਜ-3-ਏ, ਮੋਹਾਲੀ। | 1100 | ਐਨ-226 | 17.09.2022 |
| 16. | ਸਰਦਾਰ ਭਗਤ ਸਿੰਘ, ਆਈ.ਏ.ਐਸ. (ਰਿਟਾ.)<br>ਮਕਾਨ ਨੰਬਰ-795, ਫੇਜ-3ਬੀ-1, ਮੋਹਾਲੀ। | 500 | ਐਨ-227 | 17.09.2022 |

| | | | | |
|---|---|---|---|---|
| 17. | ਸਰਦਾਰ ਗੁਰਪਾਲ ਸਿੰਘ<br>ਨਰਾਇਣਗੜ੍ਹ। | 500 | ਐਨ–228 | 17.09.2022 |
| 18. | ਸਰਦਾਰ ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਸੈਕਟਰ–66–ਏ. ਫਾਲਕਨ ਵੀਊ, ਮੋਹਾਲੀ। | 500 | ਐਨ–229 | 17.09.2022 |
| 19. | ਸਰਦਾਰ ਜਗੀਰ ਸਿੰਘ ਲਾਲੀਆ<br>ਮਕਾਨ ਨੰਬਰ–1838, ਫੇਜ–7, ਮੋਹਾਲੀ। | 500 | ਐਨ–230 | 17.09.2022 |
| 20. | ਸਰਦਾਰ ਮਨਜੀਤ ਸਿੰਘ ਲੋਬਾਣਾ<br>ਗੁਰੂ ਘਰ ਇੰਚਾਰਜ ਬੀ.ਐਮ.ਐਸ.ਐਲ. ਭਵਨ, ਚੰਡੀਗੜ੍ਹ। | 200 | ਐਨ–231 | 17.09.2022 |
| 21. | ਸਵਰਗੀ ਸਰਦਾਰ ਚਤਰ ਸਿੰਘ<br>ਅਤੇ ਸਵਰਗੀ ਹਰਨਾਮ ਕੌਰ | 200 | ਐਨ–232 | 17.09.2022 |
| 22. | ਸਰਦਾਰ ਕੁਲਵੰਤ ਸਿੰਘ<br>ਬੀ.ਐਮ.ਐਸ.ਐਲ. ਭਵਨ, ਚੰਡੀਗੜ੍ਹ। | 500 | ਐਨ–233 | 17.09.2022 |
| 23. | ਲੈਫਟਿਨੈਂਟ ਕਰਨਲ ਕੁਲਵੰਤ ਸਿੰਘ<br>ਫਲੈਟ–302, ਸੈਕਟਰ–99 ਮੋਹਾਲੀ। | 5000 | ਆਈ–1746 | 20.09.2022 |
| 24. | ਸਰਦਾਰ ਜੀ.ਐਸ. ਆਜ਼ਾਦ<br>95, ਗਰਾਊਂਡ ਫਲੋਰ, ਮਾਲਵੀਆ ਨਗਰ,<br>ਦਿੱਲੀ– 110017 | 1500 | ਆਈ–1747 | 20.09.2022 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

---

# ਪਾਣੀਆਂ ਵਿਚ ਲਿਖੋ ਜਾਂ ਹਵਾ ਵਿਚ ਲਿਖੋ
# ਸੁੱਚੇ ਹਰਫ਼ਾਂ ਨੂੰ ਦਿਲ ਦੀ ਦੁਆ ਵਿਚ ਲਿਖੋ

**ਹਰਭਜਨ ਸਿੰਘ ਹਲਵਾਰਵੀ**

# 17 ਅਗਸਤ 2022 ਨੂੰ ਅੱਸੂ ਮਹੀਨੇ ਦੀ ਸੰਗਰਾਂਦ ਦੀਆਂ ਤਸਵੀਰਾਂ







S. Gurdial Singh Ghotra, Regional President of BABA MAKHAN SHAH LOBANA FOUNDATION (REGD) donated Rs. 50,000 (Fifty Thousand Only). Foundation is grateful to S. Gurdial Singh Ghotra and his family. May God bless him.



S. Amrik Singh Multani, (Retd. member of BBMB) donated Rs. 25,000 to Baba Makhan Shah Lobana Foundation Chandigarh.

Regd No. 32212/78

Postal No.-- G/CHD/0111/2018-2020

# ਕਾਰਜਕਾਰੀ ਕਮੇਟੀ ਦੀ ਮੀਟਿੰਗ 18 ਸਤੰਬਰ 2022 ਨੂੰ ਭਵਨ ਵਿਖੇ ਹੋਈ





